ਧੰਨਵਾਦ
ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਸਹਿਯੋਗ ਲਈ ਦਿਲੋਂ ਧੰਨਵਾਦ



ਮੁੱਖ ਸੰਪਾਦਕ : ਅਮਨਦੀਪ ਮਹਿਰਾ

ਰੋਜ਼ਾਨਾ
ਸੱਚ ਤੇ ਨਿਡਰ ਆਵਾਜ਼
# ਲੋਕ ਬਾਣੀ
ਮੁੱਖ ਸੰਪਾਦਕ : ਅਮਨਦੀਪ ਮਹਿਰਾ
Daily Lokbani, Jalandhar
ਐਤਵਾਰ, 20 ਜੁਲਾਈ, 2025
Email : lokbani08@gmail.com
R. N. I. Punpun/29016/2008 | ਸਾਲ : 16 ਅੰਕ: 337 | ਮੁੱਲ : 06 ਰੁਪਏ • ਕੁੱਲ ਪੰਨੇ : 10, ਦਫ਼ਤਰ : 2211009, M : +91 99155 94111

TOURIST VISA USA CANADA
SCHENGEN/ UK AUSTRALIA/ NZ
1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
easyvisa
8283 000800

1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
TOURIST VISA
CANADA/ USA
SCHENGEN/ AUSTRALIA/ UK/ NZ
easyvisa
8283 000800
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜ਼ਰੂਰ ਚੈਕ ਕਰੋ ਫਿਰ ਅਪਲਾਈ ਕਰੋ

## ਅਨਮੋਲ ਗਗਨ ਮਾਨ ਨੇ ਕੀਤਾ ਸਿਆਸਤ ਛੱਡਣ ਦਾ ਐਲਾਨ , ਦਿੱਤਾ ਪਾਰਟੀ ਤੋਂ ਅਸਤੀਫਾ

### ਸਿਰਫ਼ 32 ਸਾਲ ਦੀ ਉਮਰ ਵਿੱਚ ਬਣੇ ਸਨ ਕੈਬਨਿਟ ਮੰਤਰੀ

ਜ਼ੀਰਕਪੁਰ, (ਸਵਰਨ ਸਿੰਘ ਬਾਵਾ)- ਆਮ ਆਦਮੀ ਪਾਰਟੀ ਦੀ ਵਿਧਾਇਕਾ ਅਤੇ ਸਾਬਕਾ ਮੰਤਰੀ ਅਨਮੋਲ ਗਗਨ ਮਾਨ ਨੇ ਪਾਰਟੀ ਵਿਚੋਂ ਅਸਤੀਫ਼ਾ ਦੇ ਦਿੱਤਾ ਹੈ। ਇਥੇ ਹੀ ਬਸ ਨਹੀਂ ਅਨਮੋਲ ਗਗਨ ਮਾਨ ਨੇ ਸਿਆਸਤ ਛੱਡਣ ਦਾ ਐਲਾਨ ਕਰ ਦਿੱਤਾ ਹੈ। ਫੇਸਬੁਕ ÷ਤੇ ਪਾਈ ਪੋਸਟ ਵਿਚ ਲਿਖਿਆ ਕਿ ਦਿਲ ਭਾਰੀ ਹੈ ਪਰ ਮੈਂ ਸਿਆਸਤ ਛੱਡਣ ਦਾ ਫੈਸਲਾ ਲਿਆ ਹੈ। ਮੇਰਾ ਵਿਧਾਇਕ ਦੇ ਅਹੁਦੇ ਤੋਂ ਸਪੀਕਰ ਸਾਹਿਬ ਨੂੰ ਦਿੱਤਾ ਹੋਇਆ ਅਸਤੀਫਾ ਸਵੀਕਾਰ ਕੀਤਾ ਜਾਵੇ। ਮੇਰੀਆਂ ਸ਼ੁਭਕਾਮਨਾਵਾਂ ਪਾਰਟੀ ਨਾਲ ਹਨ। ਮੈਨੂੰ ਓਮੀਦ ਹੈ ਕਿ ਪੰਜਾਬ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉਤਰੇਗੀ। ਮਾਡਲਿੰਗ ਤੋਂ ਲੈ ਕੇ ਗਾਇਕੀ ਤੱਕ ਅਤੇ ਫਿਰ ਰਾਜਨੀਤੀ



ਵਿੱਚ ਐਂਟਰੀ ਕਰਕੇ ਅਨਮੋਲ ਗਗਨ ਮਾਨ ਸਿਰਫ਼ 32 ਸਾਲ ਦੀ ਉਮਰ ਵਿੱਚ ਕੈਬਨਿਟ ਮੰਤਰੀ ਬਣੀ ਸੀ । ਅਨਮੋਲ ਗਗਨ ਮਾਨ 2020 ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਈ ਸੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ, ਉਸਨੇ ਸ਼੍ਰੋਮਣੀ ਅਕਾਲੀ ਦਲ ਦੇ ਰਣਜੀਤ ਸਿੰਘ ਗਿੱਲ ਨੂੰ 37718 ਵੋਟਾਂ ਨਾਲ ਹਰਾਇਆ ਸੀ । ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਦੋਂ ਆਪਣੀ ਪਹਿਲੀ ਕੈਬਨਿਟ ਦਾ ਵਿਸਥਾਰ ਕੀਤਾ ਤਾਂ ਆਮ ਆਦਮੀ ਪਾਰਟੀ ਦੇ ਪੰਜ ਵਿਧਾਇਕਾਂ ਨੇ ਮੰਤਰੀ ਵਜੋਂ ਸਹੁੰ ਚੁੱਕੀ ਸੀ ਜਿਨ੍ਹਾਂ ਵਿੱਚੋਂ ਇੱਕ ਅਨਮੋਲ ਗਗਨ ਮਾਨ ਸੀ। ਅਨਮੋਲ ਸਿਰਫ਼ 32 ਸਾਲ ਦੀ ਉਮਰ ਵਿੱਚ ਕੈਬਨਿਟ ਮੰਤਰੀ ਬਣੀ ਸੀ । ਮਿਲੀ ਜਾਣਕਾਰੀ ਅਨੁਸਾਰ ਅਨਮੋਲ ਗਗਨ ਮਾਨ ਦਾ ਜਨਮ 26 ਫਰਵਰੀ 1990 ਨੂੰ ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿੱਚ ਹੋਇਆ ਸੀ। ਅਨਮੋਲ ਨੇ 12ਵੀਂ ਜਮਾਤ ਪੂਰੀ ਕਰਨ ਤੋਂ ਬਾਅਦ 2004-2013 ਤੱਕ ਮਾਡਲਿੰਗ ਕੀਤੀ।

## ਭਾਰਤ-ਪਾਕਿ ਜੰਗ ਬਾਰੇ ਟਰੰਪ ਦਾ ਵੱਡਾ ਦਾਅਵਾ; ਕਿਹਾ ਪੰਜ ਲੜਾਕੂ ਜਹਾਜ਼ ਡਿੱਗੇ

ਵਾਸ਼ਿੰਗਟਨ (ਲੋਕ ਬਾਣੀ) ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਭਾਰਤ-ਪਾਕਿ ਜੰਗ ਰੋਕੇ ਜਾਣ ਦੇ ਦਾਅਵਿਆਂ ਦਰਮਿਆਨ ਉਨ੍ਹਾਂ ਇਸ ਜੰਗ ਦੌਰਾਨ ਪੰਜ ਲੜਾਕੂ ਜਹਾਜ਼ ਡੇਗੇ ਜਾਣ ਬਾਰੇ ਇੱਕ ਨਵਾਂ ਖੁਲਾਸਾ ਕੀਤਾ ਹੈ। ਟਰੰਪ ਨੇ ਹਾਲਾਂਕਿ ਸਪੱਸ਼ਟ ਨਹੀਂ ਕੀਤਾ ਕਿ ਇਹ ਜਹਾਜ਼ ਦੋਹਾਂ ਵਿੱਚੋ ਕਿਹੜੇ ਮੁਲਕ ਦੇ ਸਨ।ਟਰੰਪ ਨੇ ਕਿਹਾ, "ਅਸੀਂ ਬਹੁਤ ਸਾਰੀਆਂ ਜੰਗਾਂ ਰੋਕੀਆਂ ਹਨ। ਭਾਰਤ ਤੇ ਪਾਕਿਸਤਾਨ ਦਰਮਿਆਨ ਜੋ ਹੋ ਰਿਹਾ ਸੀ ਉਹ ਗੰਭੀਰ ਸੀ। ਜਹਾਜ਼ ਹਵਾ ਵਿਚ ਫੁੰਡੇ ਜਾ ਰਹੇ ਸੀ। ਮੇਰਾ ਮੰਨਣਾ ਹੈ ਕਿ ਪੰਜ ਲੜਾਕੂ ਜਹਾਜ਼ਾਂ ਨੂੰ ਅਸਲ ਵਿਚ ਡੇਗਿਆ ਗਿਆ ਸੀ।" ਟਰੰਪ ਰਿਪਬਲਿਕਨ ਸੈਨੇਟਰਾਂ ਲਈ ਸ਼ੁੱਕਰਵਾਰ ਨੂੰ ਵ ?ਹਾਈਟ ਹਾਊਸ ਰੱਖੀ ਰਾਤ ਦੀ ਦਾਅਵਤ ਮੌਕੇ ਸੰਬੋਧਨ ਕਰ ਰਹੇ ਸਨ।

## ਅਸੀਂ 'ਇੰਡੀਆ' ਗੱਠਜੋੜ ਦਾ ਹਿੱਸਾ ਨਹੀਂ ਹਾਂ: 'ਆਪ'

ਨਵੀਂ ਦਿੱਲੀ (ਲੋਕ ਬਾਣੀ)-ਦਿੱਲੀ 'ਆਪ' ਪ੍ਰਧਾਨ ਸੌਰਵ ਭਾਰਦਵਾਜ ਨੇ ਕਿਹਾ ਕਿ ਉਹ 'ਇੰਡੀਆ ਗੱਠਜੋੜ' ਦਾ ਹਿੱਸਾ ਨਹੀਂ ਹਨ। ਉਨ੍ਹਾਂ ਕਿਹਾ ਕਿ ਉਹ ਵਿਰੋਧੀ ਪਾਰਟੀਆਂ ਵੱਲੋਂ ਚੁੱਕੇ ਜਾ ਰਹੇ ਮੁੱਦਿਆਂ ਨੂੰ ਇਸੇ ਤਰ੍ਹਾਂ ਸਮਰਥਨ ਦਿੰਦੇ ਰਹਿਣਗੇ। ਸ੍ਰੀ ਭਾਰਦਵਾਜ ਦਾ ਇਹ ਬਿਆਨ ਸੰਸਦ ਮੈਂਬਰ ਸੰਜੈ ਸਿੰਘ ਦੀ ਟਿੱਪਣੀ ਤੋਂ ਬਾਅਦ ਆਇਆ ਜਿੱਥੇ ਉਨ੍ਹਾਂ ਕਿਹਾ ਸੀ ਕਿ ਲੋਕ ਸਭਾ ਚੋਣਾਂ ਦੇ ਸਿੱਟੇ ਵਜੋਂ ਪਾਰਟੀ ਇੰਡੀਆ ਗੱਠਜੋੜ ਦਾ ਹੁਣ ਹੋਰ ਹਿੱਸਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਜਦੋਂ ਲੋਕ ਸਭਾ ਚੋਣਾਂ ਲੜੀਆਂ ਸਨ ਤਾਂ ਉਨ੍ਹਾਂ ਸੀਟਾਂ ਦੀ ਵੰਡ ਕੀਤੀ ਸੀ ਪਰ ਬਾਅਦ ਵਿੱਚ ਦਿੱਲੀ ਚੋਣਾਂ ਹੋਈਆਂ ਤੇ ਉਨ੍ਹਾਂ ਕੋਈ ਸੀਟ ਵੰਡ ਨਹੀਂ ਕੀਤੀ। ਉਹ ਟੀਐੱਮਸੀ, ਐੱਸਪੀ ਤੇ ਹੋਰਨਾਂ ਵਿਰੋਧੀ ਪਾਰਟੀਆਂ ਨਾਲ ਤਾਲਮੇਲ ਕਰ ਰਹੇ ਹਨ।

## ਕੈਲੀਫੋਰਨੀਆ 'ਚ ਕਾਰ ਸਵਾਰ ਨੇ ਲੋਕਾਂ 'ਤੇ ਗੱਡੀ ਚੜ੍ਹਾਈ; 30 ਜ਼ਖ਼ਮੀ

### 10 ਦੀ ਹਾਲਤ ਗੰਭੀਰ; ਕਾਰ ਚਾਲਕ ਨੂੰ ਗੋਲੀ ਮਾਰੀ ਗਈ: ਪੁਲੀਸ

ਕੈਲੇਫੋਰਨੀਆ (ਲੋਕ ਬਾਣੀ)- ਕੈਲੀਫੋਰਨੀਆ ਦੇ ਲਾਸ ਏਂਜਲਸ ਵਿਚ ਇਕ ਕਾਰ ਸਵਾਰ ਨੇ ਲੋਕਾਂ 'ਤੇ ਆਪਣੀ ਕਾਰ ਚੜ੍ਹਾ ਦਿੱਤੀ ਜਿਸ ਕਾਰਨ 30 ਜਣੇ ਜ਼ਖ਼ਮੀ ਹੋ ਗਏ ਜਿਨ੍ਹਾਂ ਵਿਚੋਂ ਦਸ ਦੀ ਹਾਲਤ ਗੰਭੀਰ ਹੈ। ਇਹ ਹਾਦਸਾ ਸਥਾਨਕ ਸਮੇਂ ਅਨੁਸਾਰ ਤੜਕੇ ਦੋ ਵਜੇ ਕਲੱਬ ਦੇ ਨੇੜੇ ਵਾਪਰਿਆ। ਅਧਿਕਾਰੀਆਂ ਨੇ ਹਾਲੇ ਤਕ ਕਾਰ ਸਵਾਰ ਦੀ ਪਛਾਣ ਜਨਤਕ ਨਹੀਂ ਕੀਤੀ। ਇਹ ਵੀ ਸਪਸ਼ਟ ਨਹੀਂ ਹੋ ਸਕਿਆ ਕਿ ਇਸ ਵਿਅਕਤੀ ਨੇ ਆਪਣੀ ਕਾਰ ਜਾਣ ਬੁੱਝ ਕੇ ਲੋਕਾਂ 'ਤੇ ਚੜ੍ਹਾਈ ਜਾਂ ਉਸ ਕੋਲੋਂ ਗਲਤੀ ਨਾਲ ਹਾਦਸਾ ਹੋ ਗਿਆ। ਪੁਲੀਸ ਅਤੇ ਫਾਇਰ ਵਿਭਾਗ ਨੇ ਦੱਸਿਆ ਕਿ ਸ਼ਨਿਚਰਵਾਰ ਸਵੇਰੇ ਲਾਸ ਏਂਜਲਸ ਦੇ ਇੱਕ ਨਾਈਟ ਕਲੱਬ ਦੇ ਬਾਹਰ ਖੜ੍ਹੇ ਲੋਕਾਂ 'ਤੇ ਇੱਕ ਕਾਰ ਚੜ੍ਹ ਗਈ ਜਿਸ ਕਾਰਨ 30 ਜ਼ਖਮੀ ਹੋ ਗਏ। ਇਹ ਪਤਾ ਲੱਗਿਆ ਹੈ ਕਿ ਲੋਕਾਂ ਦੀ ਭੀੜ ਵਿਚੋਂ ਕਿਸੇ ਨੇ ਇਸ ਕਾਰ ਦੇ ਚਾਲਕ ਨੂੰ ਗੋਲੀ ਮਾਰੀ ਜਿਸ ਦੀ ਪਛਾਣ ਨਾ ਹੋ ਸਕੀ। ਫਾਇਰ ਵਿਭਾਗ ਨੇ ਦੱਸਿਆ ਕਿ ਇਸ ਹਾਦਸੇ ਵਿਚ ਸੱਤ ਦੀ ਹਾਲਤ ਗੰਭੀਰ ਹੈ ਅਤੇ ਛੇ ਹੋਰ ਗੰਭੀਰ ਜ਼ਖਮੀ ਹਨ। ਫਾਇਰ ਵਿਭਾਗ ਦੇ ਬੁਲਾਰੇ ਕੈਪਟਨ ਐਡਮ ਵੈਨਗਰਪੇਨ ਦੇ ਹਵਾਲੇ ਨਾਲ ਏਬੀਸੀ ਨਿਊਜ਼ ਨੇ ਕਿਹਾ ਕਿ ਕਾਰ ਪਹਿਲਾਂ ਕਲੱਬ ਦੇ ਬਾਹਰ ਇੱਕ ਟੈਕੋ ਟਰੱਕ ਵਿੱਚ ਵੱਜੀ ਅਤੇ ਫਿਰ ਲੋਕਾਂ ਦੇ ਵੱਡੇ ਇਕੱਠ 'ਤੇ ਜਾ ਚੜ੍ਹੀ। ਲਾਸ ਏਂਜਲਸ ਪੁਲੀਸ ਵਿਭਾਗ ਨੇ ਕਿਹਾ ਕਿ ਉਸ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ ਕਿ ਡਰਾਈਵਰ ਨੇ ਆਪਣੀ ਕਾਰ ਲੋਕਾਂ 'ਤੇ ਕਿਉਂ ਚੜ੍ਹਾਈ।



## ਇਰਾਨ ਵਿੱਚ ਬੱਸ ਪਲਟੀ, 21 ਹਲਾਕ

ਲੋਕ ਬਾਣੀ, ਇਰਾਨ ਦੇ ਦੱਖਣ ਵਿੱਚ ਇੱਕ ਬੱਸ ਪਲਟ ਗਈ ਜਿਸ ਕਾਰਨ 21 ਜਣਿਆਂ ਦੀ ਮੌਤ ਹੋ ਗਈ। ਫਾਰਸ ਸੂਬੇ ਦੇ ਐਮਰਜੈਂਸੀ ਸੰਗਠਨ ਦੇ ਮੁਖੀ ਮਸੂਦ ਆਬੇਦ ਨੇ ਕਿਹਾ ਕਿ ਰਾਜਧਾਨੀ ਸ਼ਿਰਾਜ਼ ਦੇ ਦੱਖਣ ਵਿੱਚ ਇਸ ਬੱਸ ਹਾਦਸੇ ਵਿੱਚ 34 ਜ਼ਖ਼ਮੀ ਹੋ ਗਏ। ਉਨ੍ਹਾਂ ਕਿਹਾ ਕਿ



ਇਹ ਘਟਨਾ ਸਵੇਰੇ 11:05 ਵਜੇ ਵਾਪਰੀ। ਘਟਨਾ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਦੱਸ ਦਈਏ ਕਿ ਇਰਾਨ ਵਿਚ ਸੜਕ ਹਾਦਸੇ ਆਮ ਹਨ ਤੇ ਇੱਥੇ ਸਾਲਾਨਾ ਲਗਪਗ 17,000 ਮੌਤਾਂ ਸੜਕ ਹਾਦਸਿਆਂ ਕਾਰਨ ਹੁੰਦੀਆਂ ਹਨ। ਇਰਾਨ ਸੜਕ ਹਾਦਸਿਆਂ ਲਈ ਸਿਖਰ 'ਤੇ ਹੈ।



## ਵੀਅਤਨਾਮ ਵਿੱਚ ਕਿਸ਼ਤੀ ਪਲਟੀ, 34 ਹਲਾਕ, 8 ਲਾਪਤਾ

ਵੀਅਤਨਾਮ (ਲੋਕ ਬਾਣੀ)- ਵੀਅਤਨਾਮ ਦੇ ਹਾ ਲੌਂਗ ਬੇਅ ਵਿੱਚ ਅੱਜ ਦੁਪਹਿਰੇ ਤੂਫਾਨ ਆਉਣ ਤੋਂ ਬਾਅਦ ਸੈਰ-ਸਪਾਟਾ ਕਰਦੇ ਸੈਲਾਨੀਆਂ ਦੀ ਕਿਸ਼ਤੀ ਪਲਟ ਗਈ ਜਿਸ ਕਾਰਨ 34 ਜਣੇ ਮਾਰੇ ਗਏ ਜਦਕਿ ਅੱਠ ਲਾਪਤਾ ਹੋ ਗਏ। ਇਹ ਜਾਣਕਾਰੀ ਸਰਕਾਰੀ ਮੀਡੀਆ ਨੇ ਨਸ਼ਰ ਕੀਤੀ ਹੈ। ਜਾਣਕਾਰੀ ਅਨੁਸਾਰ ਕਿਸ਼ਤੀ ਵਿਚ 48 ਯਾਤਰੀ ਅਤੇ ਪੰਜ ਚਾਲਕ ਦਲ ਦੇ ਮੈਂਬਰ ਸਵਾਰ ਸਨ। ਇਸ ਤੋਂ ਪਹਿਲਾਂ VNExpress ਅਖਬਾਰ ਨੇ ਜਾਣਕਾਰੀ ਦਿੱਤੀ ਸੀ ਕਿ ਬਚਾਅ ਕਰਮਚਾਰੀਆਂ ਨੇ 12 ਜਣਿਆਂ ਨੂੰ ਬਚਾ ਲਿਆ ਹੈ ਤੇ ਘਟਨਾ ਸਥਾਨ ਨੇੜੇ 18 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ ਜਦਕਿ 23 ਲਾਪਤਾ ਹਨ। ਇਸ ਅਖਬਾਰ ਨੇ ਕਿਹਾ ਕਿ ਤੇਜ਼ ਹਵਾਵਾਂ ਕਾਰਨ ਕਿਸ਼ਤੀ ਪਲਟ ਗਈ। ਬਚਣ ਵਾਲਿਆਂ ਵਿੱਚ ਇੱਕ 14 ਸਾਲਾ ਲੜਕਾ ਵੀ ਸ਼ਾਮਲ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਸੈਲਾਨੀ ਰਾਜਧਾਨੀ ਹੈਨੋਈ ਤੋਂ ਆਏ ਸਨ ਜਿਨ੍ਹਾਂ ਵਿੱਚ ਲਗਪਗ 20 ਬੱਚੇ ਸ਼ਾਮਲ ਸਨ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111





ਲੋਕ ਬਾਣੀ
ਰੋਜ਼ਾਨਾ ਲੋਕ ਬਾਣੀ
www.lokbani.com




publisher
chief editor
Aman mehra
Lok bani (News paper)
Lokbani08@gmail.com
www Lokbani.com
Mob 9915594111

Head office :308 sangam complex milap chowk Jalandhar Punjab India 01812211009

## ਲੋਕ ਬਾਣੀ ਬੁੱਝਣ ਵਾਲੇ ਬੜੇ ਸਿਆਣੇ





1 ਸਰੀਰ ਦੇ ਦੋ ਅੰਗ ਨੇ ਐਸੇ
ਵਧਦੇ ਨੇ ਸਾਰੀ ਉਮਰੇ ਵੈਸੇ
ਇੱਕ ਕਟਵਾਉਣ ਦੇ ਲਗਦੇ ਪੈਸੇ ।
2 ਜਦੋਂ ਆਵੇ ਤਾਂ ਹੋਸ਼ ਭੁਲਾਵੇ
ਪਤਾ ਨੀ ਕਿਹੜੀ ਦੁਨੀਆ 'ਚ ਲੈ ਜਾਵੇ।
3 ਨੱਕ ਤੇ ਜਦੋਂ ਬਹਿ ਜਾਂਦੀ ,
ਕੰਨੋ ਫੜ ਕੇ ਸਬਕ ਪੜ੍ਹਾ ਜਾਂਦੀ।
4 ਟਿਮ ਟਿਮ ਕਰਦਾ ਉੱਡਦਾ ਜਾਵੇ,
ਆਪਣੀ ਲੋਅ ਆਪ ਬਣਾਵੇ।
5 ਚੜ੍ਹਦਾ ਹੈ ਤਾਂ ਸਭ ਉੱਠ ਜਾਵਣ,
ਡੁੱਬਦਾ ਹੈ ਤਾਂ ਆਰਾਮ ਫਰਮਾਵਣ।
6 ਬੁਝੋ ਤੁਸੀਂ ਇੱਕ ਸਵਾਲ,
ਚੀਜ਼ ਜੋ ਚੱਲੇ ਨਾਲ ਹੀ ਨਾਲ।
7 ਖਬਰਾਂ ਦਾ ਭਰਿਆ ਭੰਡਾਰ
ਲੱਗਦਾ ਵਸਿਆ ਸਾਰਾ ਸੰਸਾਰ ।
ਪੜ੍ਹ ਪੜ੍ਹ ਹੋ ਜਾਓ ਹੁਸ਼ਿਆਰ।
8 ਅੰਦਰੋਂ ਚਿੱਟਾ ਬਾਹਰੋਂ ਲਾਲ ,
ਉੱਤੇ ਬੋਦੀ ਹੇਠਾਂ ਵਾਲ।
9 ਅੱਗੜ ਪਿੱਛੜ ਚਲਦੀ ਉਹ
ਵਿੱਚ ਦੁਆਰੇ ਚੜਦੀ ਜੋ।
10 ਬੁੱਝੋ ਉਹ ਕਿਹੜਾ ਗਹਿਣਾ ,
ਸਦਾ ਤੁਹਾਡੇ ਨਾਲ ਜੋ ਰਹਿਣਾ ।
ਚਾਹੇ ਕਿਸੇ ਅੰਗ ਨਾ ਪੈਣਾ।

1. ਵਾਲ ? ਅਤੇ ਨਹੁੰ 2. ਨੀਂਦ 3. ਐਨਕ4. ਜੁਗਨੂੰ 5 ਸੂਰਜ 6. ਪਰਛਾਵਾਂ 7. ਅਖਬਾਰ 8. ਪਿਆਜ਼ 9. ਜੁੱਤੀ 10. ਵਿੱਦਿਆ

ਹਰਜਿੰਦਰ ਕੌਰ, ਸ. ਐ ਸ ਬਸੀ ਮਾਰੂਫ

# ਅੱਜ ਦੇ ਬੱਚਿਆਂ ਲਈ ਲਾਭਦਾਇਕ ਹੈ ਵੈਦਿਕ ਗਣਿਤ

ਵਿਜੈ ਗਰਗ

ਜਦੋਂ ਗਣਿਤ ਦੀ ਗੱਲ ਆਉਂਦੀ ਹੈ, ਤਾਂ ਬਹੁਤ ਸਾਰੇ ਬੱਚੇ ਸੰਘਰਸ਼ ਕਰਦੇ ਹਨ, ਕਿਉਂਕਿ ਇਹ ਇੱਕ ਔਖਾ ਵਿਸ਼ਾ ਹੈ। ਨਿਯਮਤ ਸਿੱਖਿਆ ਦੇ ਤਰੀਕਿਆਂ ਤੋਂ ਇਲਾਵਾ, ਗਣਿਤ ਦੀ ਰਵਾਇਤੀ ਭਾਰਤੀ ਪ੍ਰਣਾਲੀ, ਜਿਸਨੂੰ ਵੈਦਿਕ ਗਣਿਤ ਵਜੋਂ ਜਾਣਿਆ ਜਾਂਦਾ ਹੈ, ਤੇਜ਼ ਤਰੀਕੇ ਅਤੇ ਸਰਲ ਫਾਰਮੂਲੇ ਪ੍ਰਦਾਨ ਕਰਦੀ ਹੈ ਜੋ ਬੱਚਿਆਂ ਦੀ ਗਣਿਤ ਦੀ ਚਿੰਤਾ ਨੂੰ ਘਟਾਉਂਦੇ ਹਨ। ਹਾਲਾਂਕਿ, ਵੈਦਿਕ ਗਣਿਤ ਕਿਵੇਂ ਕੰਮ ਕਰਦਾ ਹੈ, ਅਤੇ ਇਸਦੇ ਫਾਇਦੇ ਅਤੇ ਨੁਕਸਾਨ ਕੀ ਹਨ ? ਅਸੀਂ ਇੱਕ ਡੂੰਘਾਈ ਨਾਲ ਵਿਚਾਰ ਕਰਦੇ ਹਾਂ...

ਲੋਕ ਬਾਣੀ

ਵੈਦਿਕ ਗਣਿਤ ਨਾਮਕ ਪ੍ਰਾਚੀਨ ਗਣਿਤ ਪ੍ਰਣਾਲੀ, ਗਤੀ ਨਾਲ ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕਰਨ ਦੇ ਆਸਾਨ ਤਰੀਕੇ ਪੇਸ਼ ਕਰਦੀ ਹੈ। ਇਹ ਪ੍ਰਣਾਲੀ 16 ਬੁਨਿਆਦੀ ÷ਸੂਤਰਾਂ÷ ਰਾਹੀਂ ਕੰਮ ਕਰਦੀ ਹੈ, 13 ਸੈਕੰਡਰੀ ਫਾਰਮੂਲਿਆਂ ਦੇ ਨਾਲ, ਜੋ ਗਣਿਤ ਅਤੇ ਬੀਜਗਣਿਤ ਦੀਆਂ ਸਮੱਸਿਆਵਾਂ ਦੇ ਨਾਲ-ਨਾਲ ਜਿਓਮੈਟ੍ਰਿਕ ਅਤੇ ਕੈਲਕੂਲਸ ਐਪਲੀਕੇਸ਼ਨਾਂ ਨੂੰ ਸੰਬੋਧਿਤ ਕਰਦੇ ਹਨ। 18ਵੀਂ ਸਦੀ ਦੇ ਇੱਕ ਗਣਿਤ-ਸ਼ਾਸਤਰੀ, ਸਵਾਮੀ ਭਾਰਤੀ ਕ੍ਰਿਸ਼ਨ ਤੀਰਥਜੀ ਨੇ 20ਵੀਂ ਸਦੀ ਦੇ ਸ਼ੁਰੂ ਵਿੱਚ ਪ੍ਰਾਚੀਨ ਭਾਰਤੀ ਵੈਦਿਕ ਗ੍ਰੰਥਾਂ ਨੂੰ ਆਧੁਨਿਕ ਸਕੂਲ ਸਿੱਖਿਆ ਲਈ ਢੁਕਵਾਂ ਬਣਾਉਣ ਲਈ ਵਿਵਸਥਿਤ ਕੀਤਾ।

ਵੈਦਿਕ ਗਣਿਤ ਦਾ ਮੁੱਖ ਟੀਚਾ ਗਣਨਾ ਦੇ ਸਮੇਂ ਨੂੰ ਘਟਾਉਣਾ ਹੈ, ਜਦੋਂ ਕਿ ਯਾਦ ਰੱਖਣ ਦੀ ਜ਼ਰੂਰਤ ਨੂੰ ਖਤਮ ਕਰਨਾ ਹੈ। ਬੱਚੇ ਜ਼ਿਆਦਾਤਰ ਗਣਿਤ ਦੀਆਂ ਸਮੱਸਿਆਵਾਂ ਨੂੰ ਬਿਨਾਂ ਲਿਖੇ ਹੱਲ ਕਰ ਸਕਦੇ ਹਨ, ਅਤੇ ਘੱਟੋ-ਘੱਟ ਕਦਮਾਂ ਵਿੱਚ ਮਾਨਸਿਕ ਗਣਨਾਵਾਂ ਰਾਹੀਂ ਹੱਲ ਲੱਭ ਸਕਦੇ ਹਨ। ਵੈਦਿਕ ਗਣਿਤ ਕਿਵੇਂ ਕੰਮ ਕਰਦਾ ਹੈ

ਵੈਦਿਕ ਗਣਿਤ ਦੀ ਮੁੱਖ ਧਾਰਨਾ ÷ਸੂਤਰ÷ ਤੋਂ ਬਣੀ ਹੈ, ਜੋ ਕਿ ਛੋਟੇ ਅਤੇ ਸਿੱਖਣ ਵਿੱਚ ਆਸਾਨ ਗਣਿਤਿਕ ਨਿਯਮਾਂ ਨੂੰ ਦਰਸਾਉਂਦੀ ਹੈ।

ਬੱਚੇ ਪੈਨਸਿਲ-ਅਤੇ-ਕਾਗਜ਼ ਦੇ ਤਰੀਕਿਆਂ ਦੀ ਵਰਤੋਂ ਕਰਨ ਦੀ ਬਜਾਏ, ਪੈਟਰਨਾਂ ਅਤੇ ਸੰਖਿਆ ਸਬੰਧਾਂ ਰਾਹੀਂ ਮਾਨਸਿਕ ਗਣਨਾ ਕਰਨਾ ਸਿੱਖਦੇ ਹਨ। ਇਹ ਪਹੁੰਚ ਬੱਚਿਆਂ ਨੂੰ ਰਚਨਾਤਮਕਤਾ ਨਾਲ ਸੰਖਿਆਵਾਂ ਨੂੰ ਸੰਭਾਲਣ ਦੇ ਯੋਗ ਬਣਾਉਂਦੀ ਹੈ, ਨਾਲ ਹੀ ਉਨ੍ਹਾਂ ਦੇ ਆਤਮਵਿਸ਼ਵਾਸ ਦੇ ਪੱਧਰ ਨੂੰ ਵੀ ਵਿਕਸਤ ਕਰਦੀ ਹੈ। ਬੱਚਿਆਂ ਲਈ ਕੀ ਫਾਇਦੇ ਹਨ ?

ਤੇਜ਼ ਗਣਨਾਵਾਂ ਅਤੇ ਮਾਨਸਿਕ ਗਣਿਤ ਵੈਦਿਕ ਗਣਿਤ ਤਕਨੀਕਾਂ ਦੀ ਵਰਤੋਂ ਕਰਨ ਵਾਲੇ ਬੱਚੇ, ਕੈਲਕੁਲੇਟਰ ਨਾਲੋਂ ਗੁੰਝਲਦਾਰ ਮਾਨਸਿਕ ਗਣਿਤ ਸਮੱਸਿਆਵਾਂ ਨੂੰ ਜਲਦੀ ਹੱਲ ਕਰ ਸਕਦੇ ਹਨ।

ਬੱਚਿਆਂ ਨੂੰ ਇਹਨਾਂ ਮਾਨਸਿਕ ਸ਼ਾਰਟਕੱਟਾਂ ਤੋਂ ਫਾਇਦਾ ਹੁੰਦਾ ਹੈ, ਕਿਉਂਕਿ ਇਹ ਸਮਾਂ ਬਚਾਉਣ ਵਿੱਚ ਮਦਦ ਕਰਦੇ ਹਨ, ਖਾਸ ਕਰਕੇ ਮੁਕਾਬਲੇ ਦੇ ਟੈਸਟਾਂ ਦੌਰਾਨ ਜਿੱਥੇ ਗਤੀ ਬਹੁਤ ਮਹੱਤਵਪੂਰਨ ਹੁੰਦੀ ਹੈ।

ਆਤਮਵਿਸ਼ਵਾਸ ਵਧਾਉਂਦਾ ਹੈ ਅਤੇ ਗਣਿਤ ਦੀ ਚਿੰਤਾ ਨੂੰ ਘਟਾਉਂਦਾ ਹੈ ਸਫਲਤਾ ਦਾ ਅਨੁਭਵ ਕਰਨ ਵਾਲੇ ਬੱਚਿਆਂ ਲਈ ਔਖੇ ਗਣਿਤਿਕ ਕਾਰਜ ਸਰਲ ਹੋ ਜਾਂਦੇ ਹਨ।

ਵੈਦਿਕ ਵਿਧੀਆਂ ਦੇ ਨਤੀਜੇ ਵਜੋਂ ਵਿਦਿਆਰਥੀ ਦੀ ਪ੍ਰਾਪਤੀ ਹੁੰਦੀ ਹੈ, ਜੋ ਸਕਾਰਾਤਮਕ ਸਿੱਖਣ ਦਾ ਰਵੱਈਆ ਪੈਦਾ ਕਰਦੇ ਹੋਏ ਆਤਮਵਿਸ਼ਵਾਸ ਪੈਦਾ ਕਰਦੀ ਹੈ।

ਫੋਕਸ, ਯਾਦਦਾਸ਼ਤ ਅਤੇ



ਇਕਾਗਰਤਾ ਨੂੰ ਸੁਧਾਰਦਾ ਹੈ ਮਾਨਸਿਕ ਗਣਨਾ ਦੀ ਪ੍ਰਕਿਰਿਆ ਬੱਚਿਆਂ ਨੂੰ ਸਪੱਸ਼ਟ ਸੋਚਣ ਦੀਆਂ ਯੋਗਤਾਵਾਂ ਦੇ ਨਾਲ-ਨਾਲ ਆਪਣੇ ਦਿਮਾਗ ਨੂੰ ਕੇਂਦਰਿਤ ਕਰਨ ਅਤੇ ਯਾਦਦਾਸ਼ਤ ਦੇ ਹੁਨਰ ਵਿਕਸਤ ਕਰਨ ਵਿੱਚ ਮਦਦ ਕਰਦੀ ਹੈ।

ਇਸ ਪ੍ਰਣਾਲੀ ਦਾ ਅਭਿਆਸ ਆਮ ਬੌਧਿਕ ਪ੍ਰਦਰਸ਼ਨ ਦੇ ਨਾਲ-ਨਾਲ ਸਮੱਸਿਆ ਹੱਲ ਕਰਨ ਦੀਆਂ ਯੋਗਤਾਵਾਂ ਨੂੰ ਵਿਕਸਤ ਕਰਦਾ ਹੈ।

ਨੰਬਰ ਸੈਂਸ ਅਤੇ ਲਾਜ਼ੀਕਲ ਸੋਚ ਨੂੰ ਵਧਾਉਂਦਾ ਹੈ ਵੈਦਿਕ ਗਣਿਤ ਦੀ ਗਣਿਤ ਪ੍ਰਣਾਲੀ ਵਿਦਿਆਰਥੀਆਂ ਨੂੰ ਸੰਖਿਆ ਸਬੰਧਾਂ ਬਾਰੇ ਸਿਖਾਉਂਦੀ ਹੈ, ਜਦੋਂ ਕਿ ਮੂਲ ਗਣਿਤ ਤੱਥਾਂ ਨੂੰ ਯਾਦ ਰੱਖਣ ਦੀ ਜ਼ਰੂਰਤ ਨੂੰ ਖਤਮ ਕਰਦੀ ਹੈ।

ਇਹ ਪ੍ਰਣਾਲੀ ਵਿਦਿਆਰਥੀਆਂ ਨੂੰ ਸਖ਼ਤ ਕਦਮ-ਦਰ-ਕਦਮ ਪ੍ਰਕਿਰਿਆਵਾਂ ਦੀ ਪਾਲਣਾ ਕਰਨ ਲਈ ਮਜਬੂਰ ਕਰਨ ਦੀ ਬਜਾਏ, ਅਨੁਕੂਲ ਸੋਚ ਨੂੰ ਉਤਸ਼ਾਹਿਤ ਕਰਦੀ ਹੈ।



ਸਿੱਖਣ ਨੂੰ ਮਜ਼ੇਦਾਰ ਅਤੇ ਦਿਲਚਸਪ ਬਣਾਉਂਦਾ ਹੈ ਇਹ ਸਿਸਟਮ ਗਣਿਤ ਨੂੰ ਇੱਕ ਦਿਲਚਸਪ ਪਹੇਲੀ ਫਾਰਮੈਟ ਵਿੱਚ ਬਦਲਦਾ ਹੈ ਜੋ ਵਿਦਿਆਰਥੀਆਂ ਦੀ ਉਤਸੁਕਤਾ ਨੂੰ ਉਤੇਜਿਤ ਕਰਦਾ ਹੈ। ਵਿਦਿਆਰਥੀ ਆਪਣੀ ਪ੍ਰੇਰਣਾ ਨੂੰ ਬਣਾਈ ਰੱਖਦੇ ਹਨ, ਕਿਉਂਕਿ ਉਹ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਨ, ਗਣਿਤ ਦੇ ਚਲਾਕ ਗੁਰੁਰ ਦਿਖਾ ਕੇ, ਅਤੇ ਤੇਜ਼ ਹੱਲ ਪ੍ਰਦਾਨ ਕਰਕੇ ਖੁਸ਼ੀ ਪ੍ਰਾਪਤ ਕਰਦੇ ਹਨ।

ਕੀ ਇਹ ਲਾਭਦਾਇਕ ਹੈ ? ਕੈਲਕੂਲੇਟਰ ਅਤੇ ਕੰਪਿਊਟਰਾਂ ਵਾਲਾ ਆਧੁਨਿਕ ਤਕਨੀਕੀ ਯੁੱਗ, ਹੱਥੀਂ ਗਣਨਾਵਾਂ ਨੂੰ ਘੱਟ ਮਹੱਤਵਪੂਰਨ ਬਣਾਉਂਦਾ ਹੈ। ਹਾਲਾਂਕਿ, ਵੈਦਿਕ ਗਣਿਤ ਕਈ ਤਰੀਕਿਆਂ ਨਾਲ ਪ੍ਰਸੰਗਿਕ ਹੈ:

ਤੇਜ਼ ਮਾਨਸਿਕ ਗਣਨਾ ਯੋਗਤਾਵਾਂ, ਵਿਦਿਆਰਥੀਆਂ ਨੂੰ ਸਕੂਲੀ ਟੈਸਟਾਂ ਅਤੇ ਪ੍ਰਤੀਯੋਗੀ ਪ੍ਰਵੇਸ਼ ਪ੍ਰੀਖਿਆਵਾਂ ਦਿੰਦੇ ਸਮੇਂ ਇੱਕ ਵੱਡਾ ਪ੍ਰਤੀਯੋਗੀ ਫਾਇਦਾ ਪ੍ਰਦਾਨ ਕਰਦੀਆਂ ਹਨ।

ਇਹ ਪ੍ਰੋਗਰਾਮ ਬੱਚਿਆਂ ਨੂੰ ਵਿੱਤੀ ਲੈਣ-ਦੇਣ ਅਤੇ ਸਮਾਂ ਪ੍ਰਬੰਧਨ/ਮਾਪਣ ਦੇ ਕੰਮਾਂ ਨੂੰ ਵਿਸ਼ਵਾਸ ਨਾਲ ਸੰਭਾਲਣਾ ਸਿਖਾਉਂਦਾ ਹੈ। ਗਣਿਤ ਦੇ ਸ਼ੁਰੂਆਤੀ ਅਨੁਭਵ ਨਾਲ ਵਿਗਿਆਨ ਅਤੇ ਇੰਜੀਨੀਅਰਿੰਗ ਦੇ ਖੇਤਰਾਂ ਵਿੱਚ ਬਿਹਤਰ ਅਕਾਦਮਿਕ ਪ੍ਰਦਰਸ਼ਨ ਹੁੰਦਾ ਹੈ।

ਆਧੁਨਿਕ ਸਮੇਂ ਵਿੱਚ ਹਰ ਪੇਸ਼ਾ ਸਮੱਸਿਆ-ਹੱਲ ਕਰਨ ਦੀਆਂ ਯੋਗਤਾਵਾਂ ਦੇ ਨਾਲ-ਨਾਲ ਯਾਦਦਾਸ਼ਤ ਕਾਰਜ ਅਤੇ ਨਵੀਨਤਾਕਾਰੀ ਸੋਚ ਨੂੰ ਮਹੱਤਵ ਦਿੰਦਾ ਹੈ। ਕੀ ਕੋਈ ਕਮੀਆਂ ਹਨ ? ਕੋਈ ਵੀ ਇੱਕ ਪ੍ਰਣਾਲੀ ਸੰਪੂਰਨ ਨਹੀਂ ਹੁੰਦੀ। ਇਸੇ ਤਰ੍ਹਾਂ, ਜਦੋਂ ਵਿਦਿਆਰਥੀ ਵੈਦਿਕ ਗਣਿਤ ਨੂੰ ਇੱਕ ਵਾਧੂ ਸਾਧਨ ਵਜੋਂ ਸਿੱਖਦੇ ਹਨ ਤਾਂ ਬੁਨਿਆਦੀ ਕਾਰਜ ਤੇਜ਼ ਹੋ ਜਾਂਦੇ ਹਨ ਜੋ ਉਹਨਾਂ ਦੇ ਸੰਖਿਆ ਗਿਆਨ ਦੇ ਹੁਨਰ ਨੂੰ ਵਿਕਸਤ ਕਰਦਾ ਹੈ। ਵਿਦਿਆਰਥੀਆਂ ਨੂੰ ਰਵਾਇਤੀ ਸਕੂਲਿੰਗ ਵਿਧੀਆਂ ਨੂੰ ਨਹੀਂ ਰੋਕਣਾ ਚਾਹੀਦਾ, ਕਿਉਂਕਿ ਉੱਨਤ ਗਣਿਤਿਕ ਸਮਝ ਜਿਓਮੈਟਰੀ, ਕੈਲਕੂਲਸ ਅਤੇ ਉੱਚ ਗਣਿਤ ਵਿਸ਼ਿਆਂ ਲਈ ਰਵਾਇਤੀ ਤਰੀਕਿਆਂ ਦੀ ਮੰਗ ਕਰਦੀ ਹੈ। ਮਾਪੇ ਅਤੇ ਅਧਿਆਪਕ ਵੈਦਿਕ ਗਣਿਤ ਕਿਵੇਂ ਪੇਸ਼ ਕਰ ਸਕਦੇ ਹਨ

ਛੋਟੇ ਬੱਚੇ ਘਰ ਵਿੱਚ ਹੀ ਸਧਾਰਨ ਜੋੜ ਅਤੇ ਗੁਣਾ ਦੇ ਗੁਰ ਸਿੱਖਣਾ ਸ਼ੁਰੂ ਕਰ ਸਕਦੇ ਹਨ। ਬੱਚਿਆਂ ਨੂੰ ਵੈਦਿਕ ਵਿਧੀਆਂ ਸਿਖਾਓ, ਕਰਿਆਨੇ ਦੀ ਖਰੀਦਦਾਰੀ ਕਰਦੇ ਸਮੇਂ ਜਾਂ ਸਨੈਕਸ ਸਾਂਝਾ ਕਰਦੇ ਸਮੇਂ, ਜਾਂ ਮਜ਼ੇਦਾਰ ਮੁਕਾਬਲਿਆਂ ਦੌਰਾਨ। ਬੱਚੇ ਰੋਜ਼ਾਨਾ 5 ਤੋਂ 10 ਮਿੰਟ ਦੇ ਅਭਿਆਸ ਦੁਆਰਾ ਰਵਾਨਗੀ ਅਤੇ ਆਤਮਵਿਸ਼ਵਾਸ ਦੋਵੇਂ ਪ੍ਰਾਪਤ ਕਰ ਸਕਦੇ ਹਨ। ਵੈਦਿਕ ਤਕਨੀਕਾਂ ਨੂੰ ਮਿਆਰੀ ਸਕੂਲੀ ਗਣਿਤ ਪਾਠਕ੍ਰਮ ਦੀ ਥਾਂ ਲੈਣ ਦੀ ਬਜਾਏ ਇੱਕ ਵਾਧੂ ਸਰੋਤ ਵਜੋਂ ਵਰਤਿਆ ਜਾਣਾ ਚਾਹੀਦਾ ਹੈ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ**
**ਐਜੂਕੇਸ਼ਨਲ ਕਾਲਮਨਵੀਸ਼ ਉੱਘੇ ਸਿੱਖਿਆ**
**ਸ਼ਾਸਤਰੀ ਗਲੀ ਕੌਰ ਚੰਦ**
**ਐਮ.ਐਚ.ਆਰ. ਮਲੋਟ ਪੰਜਾਬ**

# ਹਸਪਤਾਲਾਂ ਵਿਚ ਖ਼ੂਨ ਦੀ ਭਾਰੀ ਕਿੱਲਤ ਚਲਦਿਆ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਾਇਆ

ਲੁਧਿਆਣਾ ( ਸੁਖਚੈਨ ਮਹਿਰਾ) ਮਨੁੱਖੀ ਸੇਵਾਵਾਂ ਨੂੰ ਸਮਰਪਿਤ ਸੰਸਥਾ ਭਾਈ ਘੱਨ ?ਈਆ ਜੀ ਮਿਸ਼ਨ ਸੇਵਾ ਵੱਲੋਂ ਮਨੁੱਖਤਾ ਦੇ ਭਲੇ ਲਈ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ ਹਸਪਤਾਲਾਂ ਵਿਚ ਖ਼ੂਨ ਦੀ ਭਾਰੀ ਕਿੱਲਤ ਚਲਦਿਆਂ 818ਵਾ ਮਹਾਨ ਖ਼ੂਨਦਾਨ ਕੈਂਪ ਪੀਰ ਬਾਬਾ ਜ਼ਾਹਰ ਬਲੀ ਦਰਗਾਹ ਨੇੜੇ ਬਦੋਵਾਲ ਵਿਖੇ ਹਰਜਿੰਦਰ ਸਿੰਘ ਧਮਾਲ ਪ੍ਰਧਾਨ ਐਂਟੀ ਕ੍ਰਾਈਮ ਵਿੰਗ ਪੰਜਾਬ ਅਤੇ ਸਮਾਜ ਸੇਵੀ ਗੁਰਪ੍ਰੀਤ ਸਿੰਘ ਹਸਨਪੁਰ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਸਮੇਂ ਸੁਸਾਇਟੀ ਦੇ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਦੱਸਿਆ ਕਿ ਖ਼ੂਨ ਲੈਬੋਟਰੀ ਜਾਂ ਮਸ਼ੀਨਾਂ ਨਾਲ ਤਿਆਰ ਨਹੀਂ ਕੀਤਾ ਜਾ ਸਕਦਾ, ਖ਼ੂਨ ਦਾ ਦੂਸਰਾ ਬਦਲ ਕੇਵਲ ਤੇ ਕੇਵਲ ਇੱਕ ਇਨਸਾਨ ਦਾ ਦਾਨ ਕੀਤਾ ਖ਼ੂਨ ਮਰੀਜ਼ ਦੀ ਜ਼ਿੰਦਗੀ ਬਚਾ ਸਕਦਾ ਹੈ ਦਵਾਈਆਂ ਦੇ ਦਾਨ, ਲੰਗਰਾਂ ਦੇ ਦਾਨ, ਅਤੇ ਹੋਰ ਬਹੂਤ ਸਾਰੇ ਸੰਸਾਰ ਦੇ ਦਾਨਾ ਵਿੱਚੋ

**ਖ਼ੂਨਦਾਨ ਕਰਨ ਵਾਲੇ ਦਾਨੀ ਸੱਜਣ ਮਰੀਜ਼ਾਂ ਲਈ ਪ੍ਰਮਾਤਮਾ ਦਾ ਰੂਪ - ਜੱਥੇਦਾਰ ਨਿਮਾਣਾ**

ਖ਼ੂਨਦਾਨ ਸੱਭ ਤੋਂ ਉੱਤਮ ਦਾਨ ਹੈ ਇਸ ਸਮੇਂ ਜੱਥੇ:ਨਿਮਾਣਾ ਨੇ ਦਲਜੋਤ ਸਿੰਘ ਗਿਲ ਪ੍ਰਧਾਨ ਐਂਟੀ ਕ੍ਰਾਈਮ ਜ਼ਿਲ੍ਹਾ ਲੁਧਿਆਣਾ ਸਮੇਤ 35 ਖ਼ੂਨਦਾਨੀਆਂ ਨੂੰ ਪ੍ਰਮਾਣ ਪੱਤਰ ਅਤੇ ਸਨਮਾਨ ਚਿੰਨ ਭੇਂਟ ਕਰਕੇ ਸਨਮਾਨਿਤ ਕੀਤਾ ਅਤੇ ਇਕੱਤਰ ਕੀਤਾ ਗਿਆ ਖ਼ੂਨ ਲੋੜਵੰਦ ਮਰੀਜ਼ਾਂ ਨਿਸ਼ਕਾਮ ਰੂਪ ਵਿੱਚ ਲੈਕੇ ਦਿੱਤਾ ਜਾਵੇਗਾ।



# ਆਪਣੀ ਸਫਲਤਾ ਦੀ ਕਹਾਣੀ ਨੂੰ ਜਾਰੀ ਰੱਖਦੇ ਹੋਏ, ਡੀਓਏ, ਸੀਐਨਆਈ, ਮਹਿਲਾ ਸਸ਼ਕਤੀਕਰਨ ਲਈ ਹੋਰ ਵੀ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੋਹਰਾਇਆ

ਅੰਮ੍ਰਿਤਸਰ (ਲੋਕ ਬਾਣੀ)- ਪਿਛਲੀਆਂ ਸਫਲਤਾਵਾਂ ਦੇ ਆਧਾਰ 'ਤੇ, ਡਾਇਓਸਿਸ ਆਫ਼ ਅੰਮ੍ਰਿਤਸਰ (ਡੀਓਏ), ਚਰਚ ਆਫ਼ ਨੌਰਥ ਇੰਡੀਆ (ਸੀਐਨਆਈ) ਦੀ ਮਹਿਲਾ ਵਿੰਗ, ਡਾਇਓਸੀਸਨ ਵੂਮੈਨਜ਼ ਫੈਲੋਸ਼ਿਪ ਫਾਰ ਕ੍ਰਿਸ਼ਚੀਅਨ ਸਰਵਿਸ (ਡੀਡਬਲਯੂਐਫਸੀਐਸ) ਨੇ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਹਾਸ਼ੀਏ 'ਤੇ ਧੱਕੀਆਂ ਹੋਈਆਂ ਔਰਤਾਂ ਦੇ ਸਸ਼ਕਤੀਕਰਨ ਲਈ ਆਪਣੇ ਯਤਨਾਂ ਨੂੰ ਮਜ਼ਬੂਤ ਕਰਨ ਦੀ ਆਪਣੀ ਵਚਨਬੱਧਤਾ ਦੁਹਰਾਈ ਹੈ। ਇਹ ਸੰਕਲਪ ਜਸਟੀਨਾ ਦਿਵਸ, ਜੋਕਿ ਡੀਡਬਲਯੂਐਫਸੀਐਸ ਦੀ ਸਾਬਕਾ ਸਕੱਤਰ ਸ਼੍ਰੀਮਤੀ ਜਸਟੀਨਾ ਵਾਲਟਰ, ਜੋ ਕਿ ਗਰੀਬ ਕੁੜੀਆਂ ਅਤੇ ਔਰਤਾਂ ਲਈ ਆਪਣੀ ਸਮਰਪਿਤ ਸੇਵਾ ਲਈ ਜਾਣੇ ਜਾਂਦੇ ਹਨ, ਦੀ ਯਾਦ ਵਿਚ ਹਰ ਸਾਲ ਡੀਓਏ, ਸੀਐਨਆਈ, ਦੇ ਸਾਰੇ ਚਰਚਾਂ ਵਿਚ ਮਨਾਇਆ ਜਾਂਦਾ ਹੈ, ਲਿੱਤਾ ਗਿਆ। ਇਸ ਦਾ ਉਦੇਸ਼ ਸ਼੍ਰੀਮਤੀ ਵਾਲਟਰ, ਜਿਨ੍ਹਾਂ ਦਾ ਕੈਂਸਰ ਕਾਰਨ ਦੇਹਾਂਤ ਹੋ ਗਿਆ ਸੀ, ਦੇ ਦਰਸ਼ਨ ਦੇ ਅਨੁਸਾਰ ਗਰੀਬ ਔਰਤਾਂ ਅਤੇ ਕੁੜੀਆਂ ਦੀ ਭਲਾਈ ਲਈ ਫੰਡ ਇਕੱਠਾ ਕਰਨਾ ਹੈ।



# ਸਰਹੱਦੀ ਖੇਤਰ ਦੀ ਸਿੱਖਿਆ ਦਾ ਧੁਰਾ ਬਣਿਆ ਚਾਨਣ ਵਾਲਾ

(ਰਾਜ ਅਰੋੜਾ/ਪ੍ਰਵੀਨ ਕੁਮਾਰ)- ਜ਼ਿਲ੍ਹਾ ਫਾਜ਼ਿਲਕਾ ਦੇ ਨਾਲ ਨਾਲ ਪੰਜਾਬ ਦੇ ਮੋਹਰੀ ਸਕੂਲਾਂ ਵਿੱਚ ਸ਼ੁਮਾਰ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਚਾਨਣ ਵਾਲਾ ਕਿਸੇ ਪਹਿਚਾਣ ਦਾ ਮੁਥਾਜ ਨਹੀ ਹੈ। ਪਹਿਲਾਂ ਦੀਆਂ ਅਨੇਕਾਂ ਪ੍ਰਾਪਤੀਆ ਦੇ ਨਾਲ ਸਕੂਲ ਦੇ ਨਾਂ ਇੱਕ ਵੱਡੀ ਪ੍ਰਾਪਤੀ ਹੋਰ ਜੁੜ ਗਈ ਹੈ। 580 ਵਿਦਿਆਰਥੀਆਂ ਦੀ ਗਿਣਤੀ ਨਾਲ ਚਾਨਣ ਵਾਲਾ ਜ਼ਿਲ੍ਹਾ ਫਾਜ਼ਿਲਕਾ ਦਾ ਸਭ ਤੋਂ ਵੱਧ ਗਿਣਤੀ ਵਾਲਾ ਸਕੂਲ ਬਣ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਮੁਖੀ ਸੀ ਐਚ ਟੀ ਲਵਜੀਤ ਸਿੰਘ ਗਰੇਵਾਲ ਨੈਸ਼ਨਲ ਅਵਾਰਡੀ ਨੇ ਦੱਸਿਆ ਕਿ ਉਹਨਾਂ ਇਸ ਸਕੂਲ ਵਿੱਚ ਸੈਸ਼ਨ 2018-19 ਵਿੱਚ ਲਗਭਗ 145 ਬੱਚਿਆਂ ਨਾਲ ਸਫ਼ਰ ਸ਼ੁਰੂ ਕੀਤਾ ਜੀ ਹਰ ਸਾਲ ਲਗਾਤਾਰ ਬੱਚਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ। ਉਹਨਾਂ ਦੱਸਿਆ ਕਿ ਸੈਸ਼ਨ 2025-26 ਵਿੱਚ ਸਕੂਲ ਵਿੱਚ ਬੱਚਿਆਂ ਦੀ ਗਿਣਤੀ 580 ਹੋਣ ਨਾਲ ਸਕੂਲ ਨੂੰ ਜ਼ਿਲ੍ਹੇ ਦਾ ਸਭ ਤੋਂ ਵੱਧ ਗਿਣਤੀ ਵਾਲਾ ਸਕੂਲ ਬਨਣ ਦਾ ਮਾਣ ਪ੍ਰਾਪਤ ਹੋਇਆ ਹੈ। ਉਹਨਾਂ ਕਿਹਾ ਕਿ ਮਾਪਿਆਂ ਦਾ ਸਕੂਲ ਵਿੱਚ ਵਿਸ਼ਵਾਸ ਐਨਾ ਮਜ਼ਬੂਤ ਹੈ ਕਿ ਆਉਣ ਵਾਲੇ ਸੈਸ਼ਨ ਲਈ ਛੇ ਮਹੀਨੇ ਪਹਿਲਾਂ ਦਾਖਲੇ ਸ਼ੁਰੂ ਹੋ ਜਾਂਦੇ ਹਨ ਅਤੇ ਅਪ੍ਰੈਲ ਚੜਦਿਆਂ ਦਾਖਲੇ ਬੰਦ ਕਰਨੇ ਪੈਂਦੇ ਹਨ ਉਹਨਾਂ ਦੱਸਿਆ ਕਿ ਸਿੱਖਿਆ ਮੰਤਰੀ ਪੰਜਾਬ ਸਰਦਾਰ ਹਰਜੋਤ ਸਿੰਘ ਬੈਂਸ, ਜ਼ਿਲ੍ਹੇ ਅਤੇ ਸੂਬੇ ਦੇ ਸਿੱਖਿਆ ਅਧਿਕਾਰੀ ਦੇ ਸਹਿਯੋਗ ਅਤੇ ਮਾਰਗਦਰਸ਼ਨ ਨਾਲ ਸਕੂਲ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਗਿਆ ਹੈ।



# ਸ਼੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

ਲੁਧਿਆਣਾ (ਸੁਖਚੈਨ ਮਹਿਰਾ) ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਸਿਟੀ ਇਨਕਲੇਵ ਦੁੱਗਰੀ ਧਾਂਦਰਾ ਰੋਡ ਲੁਧਿਆਣਾ ਵਿਖੇ ਬਾਲਾ ਪ੍ਰੀਤਮ ਸ਼ ?ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਗਿਆ ।ਇਸ ਮੌਕੇ ਭਾਈ ਲਵਦੀਪ ਸਿੰਘ (ਬਟਾਲੇ ਵਾਲੇ) ਅਤੇ ਇਸਤਰੀ ਸਤਿਸੰਗ ਸਭਾ ਦੇ ਜੱਥੇ ਵਲੋਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ ਅਤੇ ਉਨ੍ਹਾਂ ਸ਼ ?ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਇਤਹਾਸ ਬਾਰੇ ਸੰਗਤਾਂ ਨੂੰ ਦੱਸਿਆ ਕਿ ਗੁਰੂ ਜੀ ਨੇ ਬਾਲ ਗੁਰਆਈ ਦੇ ਤਿੰਨ ਸਾਲ ਦੇ ਸਮੇਂ ਵਿੱਚ ਸੂਝ, ਸਿਆਣਪ, ਦ੍ਰਿੜਤਾ ਅਤੇ ਦਲੇਰੀ ਨਾਲ ਸਿੱਖ ਪੰਥ ਦੀ ਅਗਵਾਈ ਕੀਤੀ ਜੋ ਆਪਣੀ ਮਿਸਾਲ ਆਪ ਸੀ ਤੇ ਉਨ੍ਹਾਂ ਨੇ ਦਰਸਾਅ ਦਿੱਤਾ ਕਿ ਉਮਰ, ਬੁਧੀਮਾਨਤਾ ਤੇ ਆਤਮ ਗਿਆਨ ਵਿੱਚ ਕੋਈ ਬਾਧਾ ਨਹੀਂ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਗਵਿੰਦਰ ਪਾਲ ਸਿੰਘ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਰਾਗੀ ਸਿੰਘਾਂ ਨੂੰ ਸਿਰਪਾਓ ਭੇਂਟ ਕਰ ਕੇ ਸਨਮਾਨਿਤ ਕੀਤਾ ।ਇਸ ਧਾਰਮਿਕ ਸਮਾਗਮ ਵਿਚ ਇਲਾਕੇ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਈਆਂ। । ਇਸ ਗੁਰਮਤਿ ਸਮਾਗਮ ਵਿੱਚ ਭਾਈ ਕਰਮਜੀਤ ਸਿੰਘ, ਬਲਬੀਰ ਸਿੰਘ ਮੱਲ,ਮਹਿੰਦਰ ਸਿੰਘ, ਮਨਪ੍ਰੀਤ ਸਿੰਘ, ਪਰਮਜੀਤ ਸਿੰਘ ਬੇਦੀ,ਦਲਜੀਤ ਸਿੰਘ, ਅਮਰਜੀਤ ਸਿੰਘ ਸੂਰੀ,ਹਰਭਜਨ ਕੌਰ, ਸਤਵੀਰ ਕੌਰ ਬੇਦੀ, ਪਰਮਜੀਤ ਕੌਰ,ਹਰਬੀਰ ਕੌਰ,ਮਨਜੀਤ ਕੌਰ,ਗੁਰਪ੍ਰੀਤ ਕੌਰ,ਬਲਵਿੰਦਰ ਕੌਰ, ਸਰਬਜੀਤ ਕੌਰ,ਮਨਜੀਤ ਕੌਰ,ਸਰੋਜ ਬਾਲਾ, ਤੇ ਹੋਰ ਵੀ ਸ਼ਾਮਲ ਸਨ



# ਬਲਜੀਤ ਸਿੰਘ ਖ਼ਾਲਸਾ ਨੇ ਮੁਖਦੇਵ ਸਿੰਘ ਆਲੋਵਾਲ ਨੂੰ ਜ਼ਿਲ੍ਹਾ ਮਿਡੀਆ ਇੰਚਾਰਜ ਬਣਨ ਤੇ ਵਧਾਈ ਦਿੱਤੀ

ਗੁਰਦਾਸਪੁਰ ( ਜਸਵਿੰਦਰ ਸਿੰਘ )- ਆਮ ਆਦਮੀ ਪਾਰਟੀ ਵੱਲੋਂ ਮਿਹਨਤ ਅਤੇ ਵਫਾਦਾਰੀ ਨਾਲ ਕੰਮ ਕਰਨ ਵਾਲੇ ਹਰ ਵਰਕਰ ਅਤੇ ਆਗੂ ਦਾ ਸਨਮਾਨ ਕੀਤਾ ਜਾਂਦਾ ਹੈ ਤੇ ਸਿਰਫ ਆਮ ਆਦਮੀ ਪਾਰਟੀ ਹੀ ਜੋ ਹਮੇਸ਼ਾ ਹੀ ਵਰਕਰਾਂ ਨੂੰ ਬਰਾਬਰ ਦਾ ਮਾਣ ਸਨਮਾਨ ਦਿੰਦੀ ਹੈ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਦੀਨਾਨਗਰ ਦੇ ਮਾਰਕੀਟ ਕਮੇਟੀ ਚੇਅਰਮੈਨ ਬਲਜੀਤ ਸਿੰਘ ਖਾਲਸਾ ਵੱਲੋਂ ਕੀਤਾ ਗਿਆ ਆਮ ਆਦਮੀ ਪਾਰਟੀ ਦੇ ਨਵਨਿਯੁਕਤ ਜਿਲਾ ਮੀਡੀਆ ਇੰਚਾਰਜ ਮੁਖਦੇਵ ਸਿੰਘ ਆਲੋਵਾਲ ਨੂੰ ਵਧਾਈ ਦਿੰਦਿਆਂ ਪੱਤਰਕਾਰਾਂ ਦੇ ਰੂ-ਬਰੂ ਹੁੰਦਿਆਂ ਪ੍ਰਗਟ ਕੀਤੇ ਬਲਜੀਤ ਸਿੰਘ ਨੇ ਕਹਾ ਕਿ ਮੁਖਦੇਵ ਸਿੰਘ ਆਲੋਵਾਲ ਨੇ ਹਮੇਸ਼ਾ ਹੀ ਪਾਰਟੀ ਦਾ ਮਜਬੂਤੀ ਅਤੇ ਚੜ੍ਹਦੀਕਲਾ ਲਈ ਕੰਮ ਕੀਤਾ ਹੈ ਜਿੰਨੀਆਂ ਵੀ ਚੋਣਾਂ ਹੋਈਆਂ ਉਹਨਾਂ ਸਾਰੀਆਂ ਚੋਣਾਂ ਵਿੱਚ

**ਆਮ ਆਦਮੀ ਪਾਰਟੀ ਵਿੱਚ ਮਿਹਨਤ ਕਰਨ ਵਾਲੇ ਹਰ ਵਰਕਰ ਅਤੇ ਆਗੂ ਨੂੰ ਬਰਾਬਰ ਦਾ ਮਾਣ ਸਨਮਾਨ ਮਿਲਦਾ ਹੈ -ਬਲਜੀਤ ਸਿੰਘ ਖਾਲਸਾ**

ਮੁਖਦੇਵ ਸਿੰਘ ਆਲੂਵਾਲ ਨੇ ਇੱਕ ਨਿਮਾਣੇ ਜਿਹੇ ਵਰਕਰ ਵਾਂਗ ਕੰਮ ਕੀਤਾ ਹੈ ਅਤੇ ਪਾਰਟੀ ਨੇ ਉਹਨਾਂ ਨੂੰ ਜੋ ਵੀ ਜਿੰਮੇਵਾਰੀ ਦਿੱਤੀ ਉਸ ਉੱਪਰ ਮੁਖਦੇਵ ਸਿੰਘ ਆਲੂਵਾਲ ਪੂਰੀ ਤਰ੍ਹਾਂ ਖਰੇ ਉੱਤਰੇ ਜਿਸ ਦੇ ਚੱਲਦਿਆਂ ਪਾਰਟੀ ਵੱਲੋਂ ਉਹਨਾਂ ਨੂੰ ਜ਼ਿਲ੍ਹਾ ਮੀਡੀਆ ਇੰਚਾਰਜ ਦੀ ਜਿੰਮੇਵਾਰੀ ਦੇ ਕੇ ਨਿਵਾਜਿਆ ਹੈ।



# ਅਮਰੀਕਾ ਵੱਲੋਂ ਟੀਆਰਐੱਫ ਨੂੰ ਅੰਤਰਰਾਸ਼ਟਰੀ ਦਹਿਸ਼ਤ ਗੁੱਟ ਐਲਾਨਣਾ ਭਾਰਤੀ ਪੈਂਤੜੇ ਦੀ ਪੁਸ਼ਟੀ : ਪ੍ਰੋ. ਸਰਚਾਂਦ ਸਿੰਘ ਖਿਆਲਾ

ਅੰਮ੍ਰਿਤਸਰ, (ਲੋਕ ਬਾਣੀ)-ਪੰਜਾਬ ਭਾਜਪਾ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਲਸ਼ਕਰ-ਏ-ਤਇਬਾ ਦੀ ਲੁਕਵੀਂ ਸ਼ਾਖ ਅਤੇ ਪਹਿਲਗਾਮ ਹਮਲੇ ਲਈ ਜ਼ਿੰਮੇਵਾਰ 'ਦਿ ਰਜਿਸਟੈਂਸ ਫਰੰਟ (ਟੀਆਰਐੱਫ) ਨੂੰ ਵਿਸ਼ਵ ਦਹਿਸ਼ਤਗਰਦ ਸੰਗਠਨ ਨਾਮਜ਼ਦ ਕਰਨ ਦੇ ਅਮਰੀਕੀ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਐਲਾਨ ਸੰਯੁਕਤ ਰਾਸ਼ਟਰ ਅਤੇ ਆਲਮੀ ਪੱਧਰ 'ਤੇ ਭਾਰਤ ਦੇ ਸੁਰੱਖਿਆ ਦ੍ਰਿਸ਼ਟੀਕੋਣ ਅਤੇ ਸਰਹੱਦ ਪਾਰ ਦਹਿਸ਼ਤਗਰਦੀ ਬਾਰੇ ਨਵੀਂ ਦਿੱਲੀ ਦੇ ਦ੍ਰਿੜ੍ਹ ਨਿਰਣੇ ਅਤੇ ਪੈਂਤੜੇ ਦੀ ਅੰਤਰਰਾਸ਼ਟਰੀ ਪੁਸ਼ਟੀ ਹੈ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਇਹ ਸਫਲਤਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਗਤੀਸ਼ੀਲ ਅਗਵਾਈ ਹੇਠ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਵਿਦੇਸ਼ ਮੰਤਰੀ ਡਾ. ਜੈ ਸ਼ੰਕਰ ਦੀ ਦੂਰਦਰਸ਼ੀ ਲੀਡਰਸ਼ਿਪ ਦੀ ਰਣਨੀਤਕ ਜਿੱਤ ਹੈ, ਜਿਨ੍ਹਾਂ ਨੇ ਅੰਤਰਰਾਸ਼ਟਰੀ ਮੰਚਾਂ 'ਤੇ ਪਾਕਿਸਤਾਨ ਅਤੇ ਅੱਤਵਾਦੀ ਗੱਠਜੋੜ ਨੂੰ ਲਗਾਤਾਰ ਬੇਨਕਾਬ ਕੀਤਾ। ਹੁਣ ਅਮਰੀਕਾ ਵੱਲੋਂ ਇਸ ਨੂੰ ਸਵੀਕਾਰ ਕਰਨਾ ਭਾਰਤ ਦੀ ਰਾਜਨੀਤਿਕ ਅਤੇ ਰਣਨੀਤਕ ਦਿਸ਼ਾ ਲਈ ਇੱਕ ਇਤਿਹਾਸਕ ਮੋੜ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸਿਰਫ਼ ਅੱਤਵਾਦ ਤੱਕ ਹੀ ਸੀਮਤ ਨਹੀਂ ਹੈ, ਸਗੋਂ ਇਹ ਭਾਰਤ ਦੀ ਰਾਜਨੀਤਿਕ ਅਖੰਡਤਾ, ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਆਮ ਨਾਗਰਿਕਾਂ ਦੀ ਜਾਨ-ਮਾਲ ਦੀ ਸੁਰੱਖਿਆ ਨਾਲ ਵੀ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਵੱਲੋਂ ਚੁੱਕਿਆ ਗਿਆ ਇਹ ਫੈਸਲਾਕੁੰਨ ਕਦਮ ਪਾਕਿਸਤਾਨ ਨੂੰ ਕਟਹਿਰੇ ਵਿੱਚ ਖੜ੍ਹਾ ਕਰਦਾ ਹੈ। ਸਪੱਸ਼ਟ ਹੈ ਕਿ ਆਖ਼ਰਕਾਰ ਅਮਰੀਕੀ ਰਾਸ਼ਟਰਪਤੀ ਟਰੰਪ, ਜਿਨ੍ਹਾਂ ਨੇ ਪਾਕਿਸਤਾਨ ਦੇ ਫ਼ੌਜ ਮੁਖੀ ਅਸੀਮ ਮੁਨੀਰ ਦੀ ਮੇਜ਼ਬਾਨੀ ਕੀਤੀ, ਨੂੰ ਵੀ ਅਹਿਸਾਸ ਹੋ ਗਿਆ ਹੈ ਕਿ ਅੱਤਵਾਦ ਦੇ ਸਵਾਲ 'ਤੇ ਦੋਹਰੇ ਮਾਪਦੰਡ ਇੱਕ ਖ਼ਤਰਨਾਕ ਰਸਤਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੀ ਝੂਠੀ ਨੈਰੇਟਿਵਜ਼ ਅਤੇ ਆਈ ਐਸ ਆਈ ਵੱਲੋਂ ਸਥਾਪਤ ਅੱਤਵਾਦੀ ਸੰਗਠਨਾਂ ਦੀ ਅਸਲੀਅਤ ਹੁਣ ਪੱਛਮੀ ਜਗਤ ਦੀ ਰਡਾਰ 'ਤੇ ਆ ਚੁੱਕੀਆਂ ਹਨ।



# ਚੇਅਰਮੈਨ ਰਮਨ ਬਹਿਲ ਨੇ ਗੁਰਦਾਸਪੁਰ ਸ਼ਹਿਰ ਨੂੰ ਦਿੱਤਾ ਇੱਕ ਹੋਰ ਤੋਹਫ਼ਾ

### 1.75 ਕਰੋੜ ਰੁਪਏ ਦੀ ਲਾਗਤ ਨਾਲ ਗੁਰਦਾਸਪੁਰ ਸ਼ਹਿਰ ਵਿੱਚ ਬਣਾਏ ਜਾਣਗੇ 7 ਹੋਰ ਨਵੇਂ ਆਮ ਆਦਮੀ ਕਲੀਨਿਕ

ਗੁਰਦਾਸਪੁਰ, ( ਜਸਵਿੰਦਰ ਸਿੰਘ ) – ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਗੁਰਦਾਸਪੁਰ ਸ਼ਹਿਰ ਵਾਸੀਆਂ ਨੂੰ ਇੱਕ ਹੋਰ ਖ਼ੂਬਸੂਰਤ ਤੋਹਫ਼ਾ ਦਿੱਤਾ ਹੈ। ਚੇਅਰਮੈਨ ਸ੍ਰੀ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਪੰਜਾਬ ਸਰਕਾਰ ਵੱਲੋਂ 1.75 ਕਰੋੜ ਰੁਪਏ ਦੀ ਲਾਗਤ ਨਾਲ ਗੁਰਦਾਸਪੁਰ ਸ਼ਹਿਰ ਵਿੱਚ 7 ਹੋਰ ਨਵੇਂ ਆਮ ਆਦਮੀ ਕਲੀਨਿਕ ਬਣਾਏ ਜਾਣਗੇ, ਜਿਨ੍ਹਾਂ ਵਿਚੋਂ ਚਾਰ ਆਮ ਆਦਮੀ ਕਲੀਨਿਕਾਂ ਦੀ ਉਸਾਰੀ ਦਾ ਕੰਮ ਅੱਜ ਸ਼ੁਰੂ ਹੋ ਗਿਆ ਹੈ ਗੀਤਾ ਭਵਨ, ਅੱਖਾਂ ਦਾ ਹਸਪਤਾਲ (ਨੇੜੇ ਸਰਕਾਰੀ ਆਈ.ਟੀ.ਆਈ.), ਪੀ.ਐੱਚ.ਸੀ ਘੁਰਾਲਾ ਅਤੇ ਕਮਿਊਨਿਟੀ ਹਾਲ ਨਬੀਪੁਰ ਵਿਖੇ ਨਵੇਂ ਬਣਨ ਵਾਲੇ ਆਮ ਆਦਮੀ ਕਲੀਨਿਕਾਂ ਦੀ ਉਸਾਰੀ ਸ਼ੁਰੂ ਕਰਵਾਉਣ ਮੌਕੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਹਰੇਕ ਆਮ ਆਦਮੀ ਕਲੀਨਿਕ ਦੀ ਉਸਾਰੀ ਉੱਪਰ 25 ਲੱਖ ਰੁਪਏ ਖਰਚ ਕੀਤੇ ਜਾਣਗੇ।



# ਲੋਕਾਂ ਨੂੰ ਨਾ ਮੁਰਾਦ ਬਿਮਾਰੀ ਨਸ਼ਿਆਂ ਖਿਲਾਫ ਲਾਮਬੰਦ ਹੋਣ ਦਾ ਦਿੱਤਾ ਸੱਦਾ-ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ

### ਵੱਖ-ਵੱਖ ਪਿੰਡਾਂ ਵਿਚ ਕੀਤੀ 'ਨਸ਼ਾ ਮੁਕਤੀ ਯਾਤਰਾ'

ਫਾਜ਼ਿਲਕਾ (ਰਾਜ ਅਰੋੜਾ/ਪ੍ਰਵੀਨ ਕੁਮਾਰ)- ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਦੀ ਲਗਾਤਾਰਤਾ ਵਿਚ ਪਿੰਡ ਤੇਜਾ ਰੁਹੇਲਾ, ਮਹਾਤਮ ਨਗਰ, ਦੋਨਾ ਨਾਨਕਾ ਵਿਖੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਇਕਜੁੱਟ ਹੋਣ ਦਾ ਸੱਦਾ ਦਿੱਤਾ। ਪਿੰਡਾਂ ਦੇ ਨਾਲ ਨਾਲ ਸ਼ਹਿਰਾਂ ਦੇ ਵਾਰਡਾ ਵਿਚ ਵੀ ਨਸ਼ਾ ਮੁਕਤੀ ਯਾਤਰਾ ਪਹੁੰਚ ਰਹੀ ਹੈ ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਨਸ਼ਾ ਮੁਕਤ ਕਰਨ ਦੀ ਵਿੱਢੀ ਮੁਹਿੰਮ ਤਹਿਤ 'ਨਸ਼ਾ ਮੁਕਤੀ ਯਾਤਰਾ' ਕਰਕੇ ਇਸ ਨਾ ਮੁਰਾਦ ਬਿਮਾਰੀ ਖਿਲਾਫ ਲੋਕਾਂ ਨੂੰ ਲਾਮਬੰਦ ਹੋਣ ਦਾ ਸੱਦਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਯਾਤਰਾ, ਜੋ ਕਿ ਜਾਗਰੂਕਤਾ ਸਭਾਵਾਂ ਦੇ ਰੂਪ ਵਿੱਚ ਕੀਤੀ ਜਾ ਰਹੀ ਹੈ, ਰਾਹੀਂ ਹਰ ਘਰ ਤੱਕ ਇਹ ਸੁਨੇਹਾ ਪਹੁੰਚਾਇਆ ਜਾ ਰਿਹਾ ਹੈ ਕਿ ਨਸ਼ਿਆਂ ਦਾ ਖਾਤਮਾ ਕਰਨ ਲਈ ਸਰਕਾਰ ਵਚਨਬੱਧ ਹੈ ਅਤੇ ਲੋਕਾਂ ਦੇ ਸਰਗਰਮ ਸਹਿਯੋਗ ਦੀ ਵੀ ਬੇਹਦ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਖਿਲਾਫ ਫੈਸਲਾਕੁੰਨ ਲੜਾਈ ਲਈ ਸ਼ੁਰੂ ਕੀਤੀ 'ਨਸ਼ਾ ਮੁਕਤੀ ਯਾਤਰਾ' ਦੇ ਨਤੀਜੇ ਬਹੁਤ ਵਧੀਆ ਮਿਲ ਰਹੇ ਹਨ ਅਤੇ ਲੋਕਾਂ ਦਾ ਭਰਪੂਰ ਸਾਥ ਨਸ਼ਿਆਂ ਵਿਰੁੱਧ ਮਿਲ ਰਿਹਾ ਹੈ। ਉਨਾਂ ਨੇ ਇਹ ਵੀ ਦੱਸਿਆ ਕਿ ਨਸ਼ਾ ਪੀੜਤਾਂ ਦਾ ਸਹੀ ਇਲਾਜ ਕਰਕੇ ਉਹਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਿਲ ਕਰਨ ਲਈ ਸਾਰਥਕ ਯਤਨ ਕੀਤੇ ਜਾ ਰਹੇ ਹਨ ਜਿਸ ਵਿੱਚ ਸਹਿਯੋਗ ਲਈ ਲੋਕਾਂ ਨੂੰ ਵੀ ਵਧ ਚੜ ਕੇ ਅੱਗੇ ਆਉਣਾ ਚਾਹੀਦਾ ਹੈ। ਉਨਾਂ ਕਿਹਾ ਕਿ ਵੱਖ ਵੱਖ ਵਿਭਾਗਾ ਦੇ ਅਧਿਕਾਰੀ ਵੀ ਇਸ ਮੁਹਿੰਮ ਨੂੰ ਸਫਲ ਬਣਾਉਣ ਵਿੱਚ ਸਰਗਰਮ ਹਨ ਅਤੇ ਹਰੇਕ ਪੱਖ ਤੋਂ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।




# ਨਸ਼ਾ ਮੁਕਤੀ ਯਾਤਰਾ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਦੀ ਦਲ-ਦਲ ਚੋਂ ਬਾਹਰ ਕੱਢ ਕੇ ਤੰਦਰੁਸਤ ਤੇ ਖ਼ੁਸ਼ਹਾਲ ਜੀਵਨ ਦੇਣਾ : ਰਮਨ ਬਹਿਲ

### ਸੂਬਾ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ 13000 ਖੇਡ ਸਟੇਡੀਅਮ ਬਣਾਏ ਜਾਣਗੇ : ਬਹਿਲ

ਗੁਰਦਾਸਪੁਰ, ( ਜਸਵਿੰਦਰ ਸਿੰਘ ) – ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਚਲਾਏ ਜਾ ਰਹੇ ÷ਯੁੱਧ ਨਸ਼ਿਆਂ ਦੇ ਵਿਰੁੱਧ÷ ਮੁਹਿੰਮ ਤਹਿਤ ਬੀਤੀ ਸ਼ਾਮ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਅਧੀਨ ਆਉਂਦੇ ਪਿੰਡਾਂ ਵਾੜਾ, ਭੱਟੀਆਂ, ਚੱਕ ਅਰਾਈਆਂ ਅਤੇ ਹਰਦੋਛੰਨੀ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਜਾਗਰੂਕਤਾ ਸਭਾਵਾਂ ਕੀਤੀਆਂ ਗਈਆਂ, ਜਿਨ੍ਹਾਂ ਦੀ ਅਗਵਾਈ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਵੱਲੋਂ ਕੀਤੀ ਗਈ। ਇਸ ਮੌਕੇ ਪਿੰਡਾਂ ਵਿੱਚ ਹੋਈਆਂ ਜਨਤਕ ਸਭਾਵਾਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਉਦੇਸ਼ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲ-ਦਲ ਚੋਂ ਬਾਹਰ ਕੱਢ ਕੇ ਤੰਦਰੁਸਤ ਤੇ ਖ਼ੁਸ਼ਹਾਲ ਜੀਵਨ ਦੇਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਦੇ ਖ਼ਿਲਾਫ਼ ਜੰਗ ਨੂੰ ਪੂਰੀ ਗੰਭੀਰਤਾ ਨਾਲ ਲੜ ਰਹੀ ਹੈ ਅਤੇ ਇਸਦੇ ਲਈ ਜ਼ਮੀਨੀ ਪੱਧਰ ਤੇ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ ਇਸ ਮੌਕੇ ਤੇ ਉਨ੍ਹਾਂ ਪਿੰਡ ਵਾਸੀਆਂ, ਖ਼ਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ।




# ਕੇਂਦਰ ਅਤੇ ਰਾਜ ਨੂੰ ਮਿਲ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਸੁਰੱਖਿਆ ਵਧਾਉਣੀ ਚਾਹੀਦੀ ਹੈ-ਐਮਪੀ ਔਜਲਾ

### ਐਮਪੀ ਔਜਲਾ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਪਹੁੰਚੇ, ਐਸਜੀਪੀਸੀ ਮੈਂਬਰਾਂ ਨਾਲ ਮੁਲਾਕਾਤ ਕੀਤੀ

ਅੰਮ੍ਰਿਤਸਰ (ਲੋਕ ਬਾਣੀ)- ਐਮ.ਪੀ ਗੁਰਜੀਤ ਸਿੰਘ ਔਜਲਾ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਲਈ ਪਹੁੰਚੇ। ਜਿੱਥੇ ਉਨ੍ਹਾਂ ਐਸਜੀਪੀਸੀ ਮੈਂਬਰਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਨੂੰ ਸਾਂਝੇ ਤੌਰ 'ਤੇ ਇੱਥੇ ਸੁਰੱਖਿਆ ਵਧਾਉਣੀ ਚਾਹੀਦੀ ਹੈ ਅਤੇ ਅੰਮ੍ਰਿਤਸਰ ਨੂੰ ਨੋ ਵਾਰ ਜ਼ੋਨ ਐਲਾਨਿਆ ਜਾਣਾ ਚਾਹੀਦਾ ਹੈ। ਐਮ.ਪੀ ਗੁਰਜੀਤ ਸਿੰਘ ਔਜਲਾ ਨੇ ਅੱਜ ਸ੍ਰੀ ਹਰਿਮੰਦਰ ਸਾਹਿਬ ਨੂੰ ਆਰਡੀਐਕਸ ਨਾਲ ਉਡਾਉਣ ਦੀ ਧਮਕੀ ਦੇਣ ਵਾਲੀਆਂ ਈਮੇਲਾਂ ਦੇ ਸਬੰਧ ਵਿੱਚ ਐਸਜੀਪੀਸੀ ਦੇ ਸਕੱਤਰ ਪ੍ਰਤਾਪ ਸਿੰਘ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਨਾਲ ਸਾਬਕਾ ਵਿਧਾਇਕ ਜੁਗਲ ਕਿਸ਼ੋਰ ਸ਼ਰਮਾ ਮੌਜੂਦ ਸਨ। ਇਸ ਤੋਂ ਪਹਿਲਾਂ, ਉਨ੍ਹਾਂ ਨੇ ਗੁਰੂ ਘਰ ਵਿੱਚ ਆਪਣਾ ਸਿਰ ਝੁਕਾਇਆ ਅਤੇ ਸਾਰਿਆਂ ਦੀ ਭਲਾਈ ਲਈ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਬੇਸ਼ੱਕ ਕੁਝ ਸ਼ਰਾਰਤੀ ਅਨਸਰ ਡਰ ਦਾ ਮਾਹੌਲ ਪੈਦਾ ਕਰਨਾ ਚਾਹੁੰਦੇ ਹਨ ਪਰ ਅੱਜ ਇੱਥੇ ਆ ਕੇ ਉਨ੍ਹਾਂ ਨੂੰ ਇਹ ਦੇਖ ਕੇ ਬਹੁਤ ਰਾਹਤ ਮਿਲੀ ਹੈ ਕਿ ਲੋਕਾਂ ਦਾ ਆਪਣੇ ਗੁਰੂ ਸਾਹਿਬ ਵਿੱਚ ਕਿੰਨਾ ਵਿਸ਼ਵਾਸ ਹੈ।



# ਬੀਬੀ ਮਾਣੂੰਕੇ ਦੇ ਯਤਨਾਂ ਸਦਕਾ 12 ਕਰੋੜ ਨਾਲ ਹਲਕੇ ਦੇ 34 ਪਿੰਡਾਂ 'ਚ ਬਣਗੀਆਂ ਖੇਡ ਪਾਰਕਾਂ

### ਲੋਕਾਂ ਦੇ ਸਾਥ ਨਾਲ ਹਲਕੇ ਦੀ ਨੁਹਾਰ ਬਦਲ ਦਿਆਂਗੇ - ਵਿਧਾਇਕਾ ਮਾਣੂੰਕੇ

ਲੋਕ ਬਾਣੀ-ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਦੇ ਯਤਨਾਂ ਸਦਕਾ ਪੰਜਾਬ ਸਰਕਾਰ ਵੱਲੋਂ ਹਲਕੇ ਦੇ 34 ਪਿੰਡਾਂ 'ਚ ਲਗਭਗ 12 ਕਰੋੜ ਰੁਪਏ ਦੀ ਲਾਗਤ ਨਾਲ ਖੇਡ ਪਾਰਕਾਂ ਬਣਾਈਆਂ ਜਾਣਗੀਆਂ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਵਿਧਾਇਕਾ ਬੀਬੀ ਮਾਣੂੰਕੇ ਨੇ ਦੱਸਿਆ ਕਿ ਜਗਰਾਉਂ ਹਲਕੇ ਦੇ 34 ਪਿੰਡਾਂ ਖੇਡ ਪਾਰਕਾਂ ਬਨਾਉਣ ਲਈ ਪਿੰਡ ਅੱਬੂਪੁਰਾ ਨੂੰ 26.89 ਲੱਖ, ਅਗਵਾੜ ਖੁਵਾਜ਼ਾ ਬਾਜੂ ਨੂੰ 14.60 ਲੱਖ, ਅਖਾੜਾ ਨੂੰ 33.06 ਲੱਖ, ਅਮਰਗੜ੍ਹ ਕਲੇਰ ਨੂੰ 56.40 ਲੱਖ, ਬਰਸਾਲ ਨੂੰ 37.02 ਲੱਖ, ਭੰਮੀਪੁਰਾ ਨੂੰ 48.92 ਲੱਖ, ਚਕਰ ਨੂੰ 40.02 ਲੱਖ, ਚੀਮਨਾਂ ਨੂੰ 37.10 ਲੱਖ, ਡੱਲਾ ਨੂੰ 19.35 ਲੱਖ, ਡਾਂਗੀਆਂ ਨੂੰ 38.74 ਲੱਖ, ਦੇਹੜਕਾ ਨੂੰ 36.86 ਲੱਖ, ਗਗੜਾ ਨੂੰ 35.85 ਲੱਖ, ਗਾਲਿਬ ਕਲਾਂ ਨੂੰ 45.49 ਲੱਖ, ਗਿੱਦੜਵਿੰਡੀ ਨੂੰ 28.55 ਲੱਖ, ਹਠੂਰ ਨੂੰ 46.38 ਲੱਖ, ਜਗਰਾਉਂ ਪੱਤੀ ਮਲਕ ਨੂੰ 23.91 ਲੱਖ, ਕਮਾਲਪੁਰਾ ਨੂੰ 48.83 ਲੱਖ, ਕਾਉਂਕੇ ਕਲਾਂ ਨੂੰ 47.84 ਲੱਖ, ਕੋਠਾ ਨੂੰ 20.22 ਲੱਖ, ਲੱਖਾ ਨੂੰ 25.59 ਲੱਖ, ਲੰਮੇ ਨੂੰ 36.24 ਲੱਖ, ਲੀਲਾਂ ਨੂੰ 23.68 ਲੱਖ, ਮੱਲ੍ਹਾ ਨੂੰ 45.72 ਲੱਖ, ਮਲਸ਼ੀਹਾਂ ਬਾਜਣ ਨੂੰ 32.32 ਲੱਖ, ਮਾਣੂੰਕੇ ਨੂੰ 45.11 ਲੱਖ, ਮੀਰਪੁਰ ਨੂੰ 31.75 ਲੱਖ, ਪੱਤੀ ਮੁਲਤਾਨੀ ਨੂੰ 34.22 ਲੱਖ, ਰਾਮਗੜ੍ਹ ਭੁੱਲਰ ਨੂੰ 34.10 ਲੱਖ, ਰਸੂਲਪੁਰ (ਮੱਲ੍ਹਾ) ਨੂੰ 36.88 ਲੱਖ, ਸ਼ੇਖਦੌਲਤ ਨੂੰ 40.90 ਲੱਖ, ਸ਼ੇਰਪੁਰ ਕਲਾਂ ਨੂੰ 34.61 ਲੱਖ, ਸ਼ੇਰਪੁਰ ਖੁਰਦ ਨੂੰ 17.43 ਲੱਖ, ਸਿੱਧਵਾਂ ਕਲਾਂ ਨੂੰ 32.58 ਲੱਖ ਅਤੇ ਸਿੱਧਵਾਂ ਖੁਰਦ ਨੂੰ 26.82 ਲੱਖ ਰੁਪਏ ਦੀ ਰਕਮ ਮੰਨਜੂਰ ਹੋ ਚੁੱਕੀ ਹੈ



# ਸੀਆਈਏ ਇੰਸਪੈਕਟਰ ਬਲਜੀਤ ਸਿੰਘ ਨੇ ਵਿਦੇਸ਼ੋਂ ਆਉਂਦਿਆਂ ਹੀ ਮਾਰਿਆ ਛੱਕਾ : ਲੁੱਟਾਂ-ਖੋਹਾਂ ਕਰਨ ਵਾਲੇ ਗਿਰੋਹ ਦੇ 5 ਮੈਂਬਰ ਕਾਬੂ

### ਮਾਰੂ ਹਥਿਆਰ ਤੇ ਚੋਰੀ ਦਾ ਸਾਮਾਨ ਬਰਾਮਦ

ਬਰਨਾਲਾ, (ਜਤਿੰਦਰ ਦੇਵਗਨ): ਸੀਨੀਅਰ ਕਪਤਾਨ ਪੁਲਿਸ ਬਰਨਾਲਾ ਮੁਹੰਮਦ ਸਰਫਰਾਜ ਆਲਮ, ਆਈ.ਪੀ.ਐੱਸ. ਦੀ ਅਗਵਾਈ ਹੇਠ ਮਾਨਯੋਗ ਡਾਇਰੈਕਟਰ ਜਨਰਲ ਪੁਲਿਸ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਤਹਿਤ ਬਰਨਾਲਾ ਪੁਲਿਸ ਵੱਲੋਂ ਸਮਾਜ ਵਿਰੋਧੀ ਮਾੜੇ ਅਨਸਰਾਂ ਨੂੰ ਕਾਬੂ ਕਰਨ ਸਬੰਧੀ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਇੱਕ ਵੱਡੀ ਸਫਲਤਾ ਹਾਸਲ ਹੋਈ ਹੈ। ਪੁਲਿਸ ਨੇ ਚੋਰੀਆਂ ਅਤੇ ਲੁੱਟਾਂ-ਖੋਹਾਂ ਕਰਨ ਵਾਲੇ ਇੱਕ ਗਿਰੋਹ ਦੇ 5 ਮੈਂਬਰਾਂ ਨੂੰ ਕਾਬੂ ਕਰ ਲਿਆ ਹੈ। ਸ੍ਰੀ ਅਸ਼ੋਕ ਕੁਮਾਰ, ਪੀ.ਪੀ.ਐੱਸ, ਕਪਤਾਨ ਪੁਲਿਸ (ਇਨਵੈਸਟੀਗੇਸ਼ਨ) ਬਰਨਾਲਾ, ਸ੍ਰੀ ਰਾਜਿੰਦਰਪਾਲ ਸਿੰਘ, ਪੀ.ਪੀ.ਐੱਸ, ਉਪ ਕਪਤਾਨ ਪੁਲਿਸ (ਡਿਟੈਕਟਿਵ) ਬਰਨਾਲਾ ਦੀ ਯੋਗ ਅਗਵਾਈ ਹੇਠ ਅਤੇ ਇੰਸਪੈਕਟਰ ਬਲਜੀਤ ਸਿੰਘ, ਇੰਚਾਰਜ ਸੀ.ਆਈ.ਏ. ਬਰਨਾਲਾ ਦੀ ਨਿਗਰਾਨੀ ਹੇਠ ਇਹ ਕਾਰਵਾਈ ਅੰਜਾਮ ਦਿੱਤੀ ਗਈ। ਪੁਲਿਸ ਟੀਮ ਦੀ ਮੁਸਤੈਦੀ ਅਤੇ ਯੋਜਨਾਬੰਦੀ ਕਾਰਨ ਇਹ ਗਿਰੋਹ ਕਾਬੂ ਆਇਆ। ਐਸਪੀ ਡੀ ਅਸ਼ੋਕ ਸ਼ਰਮਾ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ 9 ਜੁਲਾਈ ਨੂੰ ਸਹਾਇਕ ਥਾਣੇਦਾਰ ਦਲਜੀਤ ਸਿੰਘ, ਸੀ.ਆਈ.ਏ. ਸਟਾਫ਼ ਥਾਣਾ ਬਰਨਾਲਾ ਨੂੰ ਗੁਪਤ ਇਤਲਾਹ ਮਿਲੀ। ਇਤਲਾਹ ਅਨੁਸਾਰ ਕੁਝ ਵਿਅਕਤੀਆਂ ਨੇ ਮਿਲ ਕੇ ਇੱਕ ਗੈਂਗ ਬਣਾਇਆ ਹੋਇਆ ਹੈ।



# ਪੰਜਾਬ ਦੀ ਰਾਜਨੀਤੀ ਇੱਕ ਨਿਰਣਾਇਕ ਮੋੜ 'ਤੇ ਖੜ੍ਹੀ ਹੈ। ਹੁਣ ਜਨਤਾ ਕੋਈ ਵਿਕਲਪ ਨਹੀਂ, ਸਗੋਂ ਇੱਕ ਹੱਲ ਚਾਹੁੰਦੀ ਹੈ ਅਤੇ ਉਹ ਹੱਲ ਭਾਜਪਾ ਹੈ - ਐਨ.ਕੇ. ਵਰਮਾ

ਜੀਵਨ ਕੁਮਾਰ ਚੰਡੀਗੜ੍ਹ-ਪੰਜਾਬ ਦੀ ਰਾਜਨੀਤੀ ਇਨ੍ਹੀਂ ਦਿਨੀਂ ਤਿੱਖੇ ਉਥਲ-ਪੁਥਲ ਦੇ ਦੌਰ ਵਿੱਚੋਂ ਗੁਜ਼ਰ ਰਹੀ ਹੈ। ਆਮ ਵਿਧਾਨ ਸਭਾ ਚੋਣਾਂ ਵਿੱਚ ਅਜੇ ਲਗਭਗ 16 ਮਹੀਨੇ ਬਾਕੀ ਹਨ, ਪਰ ਅਨਮੋਲ ਗਗਨ ਮਾਨ ਦਾ ਆਮ ਆਦਮੀ ਪਾਰਟੀ ਤੋਂ ਅਸਤੀਫਾ ਅਤੇ ਰਣਜੀਤ ਗਿੱਲ ਦਾ ਅਕਾਲੀ ਦਲ ਨਾਲ ਸਬੰਧ ਤੋੜਨਾ, ਕਾਂਗਰਸ ਪਹਿਲਾਂ ਹੀ ਧੜੇਬੰਦੀ ਅਤੇ ਅੰਦਰੂਨੀ ਟਕਰਾਅ ਨਾਲ ਜੂਝ ਰਹੀ ਹੈ। ਇਸ ਨਾਲ ਪੰਜਾਬ ਰਾਜ ਵਿੱਚ ਰਾਜਨੀਤਿਕ ਅਸਥਿਰਤਾ ਅਤੇ ਅੰਦਰੂਨੀ ਕਲੇਸ਼ ਦੀ ਤਸਵੀਰ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ। ਇਨ੍ਹਾਂ ਹਾਲਾਤਾਂ ਵਿੱਚ, ਭਾਰਤੀ ਜਨਤਾ ਪਾਰਟੀ ਇੱਕੋ ਇੱਕ ਰਾਜਨੀਤਿਕ ਸ਼ਕਤੀ ਵਜੋਂ ਉਭਰੀ ਹੈ ਜਿਸ ਕੋਲ ਸਥਿਰ ਲੀਡਰਸ਼ਿਪ, ਚੰਗੇ ਸ਼ਾਸਨ ਅਤੇ ਵਿਕਾਸ ਦੇ ਵਾਅਦੇ ਨੂੰ ਹਕੀਕਤ ਵਿੱਚ ਲਿਆਉਣ ਦੀ ਤਾਕਤ ਹੈ। ਇਹ ਸੀਨੀਅਰ ਭਾਜਪਾ ਨੇਤਾ ਸ੍ਰੀ ਐਨ.ਕੇ. ਵਰਮਾ



ਦਾ ਬਿਆਨ ਹੈ। ਜਨਤਾ ਨੇ ਸਾਰੇ ਵਿਕਲਪ ਅਜ਼ਮਾ ਲਏ ਹਨ। ਹੁਣ ਬਦਲਾਅ ਯਕੀਨੀ ਹੈ, ਸ੍ਰੀ ਵਰਮਾ ਨੇ ਕਿਹਾ ਕਿ ਸ੍ਰੀ ਅਸ਼ਵਨੀ ਸ਼ਰਮਾ ਦੇ ਸੂਬਾ ਕਾਰਜਕਾਰੀ ਪ੍ਰਧਾਨ ਬਣਨ ਤੋਂ ਬਾਅਦ, ਪੰਜਾਬ ਭਾਜਪਾ ਵਿੱਚ ਨਵੀਂ ਊਰਜਾ ਅਤੇ ਸੰਗਠਨਾਤਮਕ ਗਤੀ ਆਈ ਹੈ। ਜਨਤਾ ਸਪੱਸ਼ਟ ਤੌਰ 'ਤੇ ਭਾਜਪਾ ਵੱਲ ਝੁਕਾਅ ਰੱਖਦੀ ਹੈ ਕਿਉਂਕਿ ਉਹ ਸਮਝ ਗਏ ਹਨ ਕਿ ਜਿਨ੍ਹਾਂ ਪਾਰਟੀਆਂ ਨੂੰ ਉਨ੍ਹਾਂ ਨੇ ਵਾਰ-ਵਾਰ ਮੌਕਾ ਦਿੱਤਾ ਉਹ ਸਿਰਫ਼ ਵਾਅਦਿਆਂ ਤੱਕ ਸੀਮਤ ਸਨ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰੀ, ਵਿਗੜਦੀ ਕਾਨੂੰਨ ਵਿਵਸਥਾ ਅਤੇ ਰੁਕੇ ਹੋਏ ਵਿਕਾਸ ਵਰਗੇ ਇਨ੍ਹਾਂ ਸਾਰੇ ਗੰਭੀਰ ਮੁੱਦਿਆਂ 'ਤੇ ਕਾਂਗਰਸ, ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਨੇ ਸਿਰਫ਼ ਸਿਆਸੀ ਭਾਸ਼ਣ ਦਿੱਤੇ ਅਤੇ ਕੋਈ ਠੋਸ ਨਤੀਜੇ ਨਹੀਂ ਦਿੱਤੇ। ਵਰਮਾ ਨੇ ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੀ ਉਦਾਹਰਣ ਦਿੰਦੇ ਹੋਏ ਕਿਹਾ ਕਿ ਭਾਜਪਾ ਨੇ ਨਾ ਸਿਰਫ਼ ਉੱਥੇ ਵਿਕਾਸ ਨੂੰ ਤੇਜ਼ ਕੀਤਾ ਬਲਕਿ ਸ਼ਾਸਨ ਨੂੰ ਜਵਾਬਦੇਹ ਅਤੇ ਭ੍ਰਿਸ਼ਟਾਚਾਰ ਮੁਕਤ ਵੀ ਬਣਾਇਆ। ਪੰਜਾਬ ਦੇ ਲੋਕ ਹੁਣ ਆਪਣੇ ਸੂਬੇ ਵਿੱਚ ਵੀ ਅਜਿਹਾ ਹੀ ਮਾਡਲ ਦੇਖਣਾ ਚਾਹੁੰਦੇ ਹਨ। ਜਿੱਥੇ ਸਰਕਾਰ ਦਾ ਮਤਲਬ ਵਾਅਦੇ ਨਹੀਂ ਸਗੋਂ ਕੰਮ ਹੈ। ਰਾਜਨੀਤਿਕ ਟੁੱਟ-ਭੱਜ ਇਸ ਗੱਲ ਦਾ ਸੰਕੇਤ ਹੈ ਕਿ ਲੋਕ ਹੱਲ ਲੱਭ ਰਹੇ ਹਨ ਨਾ ਕਿ ਵਿਕਲਪ।

# ਪੱਤਰਕਾਰ ਸਤਨਾਮ ਸਿਸਵਾਨ ਦੇ ਪਿਤਾ ਸਵਰਗੀ ਪੁਰਸ਼ੋਤਮ ਸਿੰਘ ਸਾਗੀ ਦਾ ਅੰਤਿਮ ਸੰਸਕਾਰ ਅੱਜ 20 ਜੁਲਾਈ ਨੂੰ ਹੋਵੇਗਾ

ਜੀਵਨ ਕੁਮਾਰ ਚੰਡੀਗੜ੍ਹ, ਨਵਾਂ ਚੰਡੀਗੜ੍ਹ ਤੋਂ, ਪੱਤਰਕਾਰ ਸਤਨਾਮ ਸਿਸਵਾਨ ਦੇ ਪਿਤਾ ਸਵਰਗੀ ਪੁਰਸ਼ੋਤਮ ਸਿੰਘ ਸਾਗੀ ਦਾ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਅੱਜ 20 ਜੁਲਾਈ ਨੂੰ ਪਿੰਡ ਸਿਸਵਾਂ, ਨਵਾਂ ਚੰਡੀਗੜ੍ਹ, ਜ਼ਿਲ੍ਹਾ ਮੋਹਾਲੀ ਵਿਖੇ ਹੋਵੇਗੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਕੁਝ ਦਿਨਾਂ ਤੋਂ ਬਿਮਾਰ ਸਨ ਅਤੇ 12 ਜੁਲਾਈ ਨੂੰ ਸੈਕਟਰ 32, ਚੰਡੀਗੜ੍ਹ ਹਸਪਤਾਲ ਵਿਖੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਯਾਦ ਵਿੱਚ ਆਯੋਜਿਤ ਸ੍ਰੀ ਸਹਿਜ ਪਾਠ ਸਾਹਿਬ ਦਾ ਭੋਗ ਅਤੇ ਅੰਤਿਮ ਅਰਦਾਸ ਅੱਜ 20 ਜੁਲਾਈ ਨੂੰ ਗੁਰਦੁਆਰਾ ਬਾਬਾ ਜਵਾਹਰ ਸਿੰਘ ਜੀ ਹਰੀਪੁਰ ਵਾਲੇ, ਪਿੰਡ ਸਿਸਵਾਂ, ਨਵਾਂ ਚੰਡੀਗੜ੍ਹ, ਜ਼ਿਲ੍ਹਾ ਮੋਹਾਲੀ ਵਿਖੇ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਹੋਵੇਗੀ। ਪਰਿਵਾਰਕ ਮੈਂਬਰਾਂ ਨੇ ਰਿਸ਼ਤੇਦਾਰਾਂ, ਸਮਾਜ ਸੇਵਕਾਂ, ਰਾਜਨੀਤਿਕ ਪਾਰਟੀਆਂ ਦੇ ਆਗੂਆਂ ਅਤੇ ਹੋਰ ਸ਼ੁਭਚਿੰਤਕਾਂ ਨੂੰ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਹੈ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਗੁਰਚਰਨ ਕੌਰ,



ਰਣਧੀਰ ਸਿੰਘ ਹਵਾਰਾ, ਲਖਬੀਰ ਸਿੰਘ ਲੱਖੀ, ਸਤਵੀਰ ਕੌਰ, ਜਸਵੀਰ ਕੌਰ, ਗੁਰਵਿੰਦਰ ਕੌਰ, ਜਗੀਰ ਸਿੰਘ ਖਰੜ, ਚਰਨਦਾਸ ਸਰਪੰਚ ਬੜੌਦੀ, ਗੁਰਮੀਤ ਸਿੰਘ, ਰਾਜ ਸਿੰਘ, ਮਾਈਕਲ, ਗਰੀਬ ਸਿੰਘ, ਬੇਅੰਤ ਸਿੰਘ, ਦਲਜੀਤ ਸਿੰਘ, ਨਰਿੰਦਰ ਸਿੰਘ ਸੋਨੂੰ, ਵਿੱਕੀ ਕੋਹੜ ਆਦਿ ਪਰਿਵਾਰਕ ਮੈਂਬਰ ਹਾਜ਼ਰ ਸਨ।

# ਨੌਜਵਾਨ ਲੜਕੇ ਲੜਕੀਆਂ ਦਾ ਭਵਿੱਖ ਸੁਨਹਿਰੀ ਬਣਾ ਰਹੀ ਹੈ ਸੀ.ਬੀ.ਏ ਇਨਫੋਟੈਕ

**ਹੁਣ ਤੱਕ ਸੈਂਕੜੇ ਨੌਜਵਾਨ ਸੀ.ਬੀ.ਏ ਇਨਫੋਟੈਕ ਤੋਂ ਕੋਚਿੰਗ ਲੈ ਕੇ ਕਰ ਚੁੱਕੇ ਹਨ ਚੰਗਾ ਮੁਕਾਮ ਹਾਸਿਲ**

ਗੁਰਦਾਸਪੁਰ, ( ਜਸਵਿੰਦਰ ਸਿੰਘ ) - ਗੁਰਦਾਸਪੁਰ ਦੇ ਪ੍ਰਸਿੱਧ ਆਈ.ਟੀ. ਅਤੇ ਕੰਪਿਊਟਰ ਸਿਖਲਾਈ ਸੈਂਟਰ ਸੀ.ਬੀ.ਏ ਇਨਫੋਟੈਕ ਸਿਰਫ਼ ਇੱਕ ਟ?ਰਨਿੰਗ ਇੰਸਟੀਚਿਊਟ ਨਹੀਂ, ਸਗੋਂ ਉਹ ਮੰਚ ਬਣ ਗਿਆ ਹੈ ਜਿੱਥੇ ਨੌਜਵਾਨ ਆਪਣੀ ਆਤਮ-ਛਵੀ ਨਿਖਾਰ ਰਹੇ ਹਨ, ਨਵੇਂ ਹੁਨਰ ਸਿੱਖ ਰਹੇ ਹਨ ਅਤੇ ਭਵਿੱਖ ਲਈ ਮਜ਼ਬੂਤ ਨੀਂਹ ਰੱਖ ਰਹੇ ਹਨ। ਇੰਟਰਨਸ਼ਿਪ ਰਾਹੀਂ ਵਿਦਿਆਰਥੀਆਂ ਨੂੰ ਅਸਲ ਜੀਵਨ ਦੀ ਤਿਆਰੀ ਕਰਵਾਉਣ ਦੇ ਮਕਸਦ ਨਾਲ ਸੀ.ਬੀ.ਏ ਇਨਫੋਟੈਕ ਵਿਦਿਆਰਥੀਆਂ ਨੂੰ ਵਧੀਆ ਮੌਕੇ ਦੇ ਰਿਹਾ ਹੈ। ਇਨ੍ਹਾਂ ਮੌਕਿਆਂ ਦਾ ਲਾਭ ਲੈਂਦੀਆਂ ਮਨਲੋਚਨ ਕੌਰ ਅਤੇ ਨਵਦੀਪ ਕੌਰ ਨੇ ਇੰਟਰਨਸ਼ਿਪ ਦੌਰਾਨ ਵਿਸ਼ੇਸ਼ ਪ੍ਰਦਰਸ਼ਨ ਕਰਕੇ ਸਾਰੇ ਸਟਾਫ ਅਤੇ ਪ੍ਰਬੰਧਕਾਂ ਨੂੰ ਪ੍ਰਭਾਵਿਤ ਕੀਤਾ। ਉਨ੍ਹਾਂ ਦੀ ਲਗਨ, ਸਮਰਪਣ ਅਤੇ ਕੰਮ ਵੱਲ ਦੀ ਸੰਵੇਦਨਸ਼ੀਲਤਾ ਨੂੰ ਸਲਾਹਿੰਦਿਆਂ ਸੀ.ਬੀ.ਏ ਇਨਫੋਟੈਕ ਦੇ ਮੈਨੇਜਿੰਗ ਡਾਇਰੈਕਟਰ ਇੰਜੀਨੀਅਰ ਸੰਦੀਪ ਕੁਮਾਰ ਵੱਲੋਂ ਦੋਹਾਂ ਨੌਜਵਾਨ ਵਿਦਿਆਰਥਣਾਂ ਨੂੰ ਮਾਣ-ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।




# ਵਿਧਾਇਕ ਸ਼ੈਰੀ ਕਲਸੀ ਨੇ 'ਨਸ਼ਾ ਮੁਕਤੀ ਯਾਤਰਾ' ਦੌਰਾਨ ਲੋਕਾਂ ਨੂੰ ਨਸ਼ਾ ਮੁਕਤ ਪੰਜਾਬ ਬਣਾਉਣ ਦਾ ਦਿੱਤਾ ਸੁਨੇਹਾ

**ਲੋਕ ਸੂਬੇ ਵਿਚ ਨਸ਼ਿਆਂ ਨੂੰ ਖ਼ਤਮ ਕਰਨ ਲਈ ਲੋਕ ਸਰਕਾਰ ਦਾ ਸਾਥ ਦੇਣ**

ਬਟਾਲਾ, ( ਜਸਵਿੰਦਰ ਸਿੰਘ ) - ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵਲੋਂ ਪੰਜਾਬ 'ਚੋ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸ਼ੁਰੂ ਕੀਤੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ 'ਨਸ਼ਾ ਮੁਕਤੀ ਯਾਤਰਾਵਾਂ' ਮੁੜ ਸ਼ੁਰੂ ਕੀਤੀਆਂ ਗਈਆਂ ਹਨ, ਜਿਸ ਵਿੱਚ ਵੱਡੀ ਗਿਣਤੀ ਵਿਚ ਲੋਕਾਂ ਦੀ ਹਾਜ਼ਰੀ ਤੋ ਪਤਾ ਲੱਗਦਾ ਹੈ ਕਿ ਸੂਬਾ ਵਾਸੀ ਨਸ਼ਿਆਂ ਨੂੰ ਖ਼ਤਮ ਕਰਨ ਲਈ ਇਕਜੁੱਟ ਹੋ ਰਹੇ ਹਨ ਅੱਜ ਬਟਾਲਾ ਦੇ ਪਿੰਡ ਅਰਜਨਪੁਰਾ, ਅਠਵਾਲ ਅਤੇ ਬਜੀਦ ਚੱਕ ਵਿਖੇ ਨਸ਼ਾ ਮੁਕਤੀ ਯਾਤਰਾ ਦੀ ਅਗਵਾਈ ਕਰਦੇ ਹੋਏ ਪਿੰਡ ਵਾਸੀਆਂ



ਨੂੰ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਜਿਹੜੇ ਲੋਕ ਕਿਸੇ ਮਾੜੀ ਸੰਗਤ ਦਾ ਸ਼ਿਕਾਰ ਹੋ ਕੇ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੇ ਹਨ, ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦਾ ਮੁਫਤ ਇਲਾਜ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਲੋਕਾਂ ਨੂੰ ਸਰਕਾਰ ਵੱਲੋਂ ਚਲਾਏ ਜਾ ਰਹੇ ਨਸ਼ਾ ਮੁਕਤੀ ਤੇ ਮੁੜ ਵਸੇਬਾ ਕੇਂਦਰਾਂ ਵਿੱਚ ਦਾਖਲ ਕਰਵਾਉਣ ਤੇ ਉਨ੍ਹਾਂ ਦਾ ਇਲਾਜ ਕਰਵਾਉਣ।

# ਇਸਾਈ ਭਾਈਚਾਰੇ ਵੱਲੋਂ ਸਿੱਖਿਆ ਸੰਸਥਾਵਾਂ ਰਾਹੀਂ ਸੱਭਿਅਕ ਸਮਾਜ ਦੀ ਸਿਰਜਣਾ 'ਚ ਮਹੱਤਵਪੂਰਣ ਯੋਗਦਾਨ ਪਾਇਆ ਜਾ ਰਿਹੈ : ਹਰਪਾਲ ਸਿੰਘ ਚੀਮਾ

**ਹੋਲੀ ਟ੍ਰਿਨਿਟੀ ਚਰਚ ਵਿਖੇ ਹੋਏ ਧਾਰਮਿਕ ਸਮਾਗਮ 'ਚ ਕੀਤੀ ਸ਼ਿਰਕਤ**

ਜਲੰਧਰ, (ਲੋਕ ਬਾਣੀ) : ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਕਿਹਾ ਕਿ ਇਸਾਈ ਭਾਈਚਾਰੇ ਵੱਲੋਂ ਆਪਣੀਆਂ ਸਿੱਖਿਆ ਸੰਸਥਾਵਾਂ ਰਾਹੀਂ ਸੱਭਿਅਕ ਸਮਾਜ ਦੀ ਸਿਰਜਣਾ ਵਿੱਚ ਮਹੱਤਵਪੂਰਣ ਯੋਗਦਾਨ ਪਾਇਆ ਜਾ ਰਿਹਾ ਹੈ। ਇਥੇ ਹੋਲੀ ਟ੍ਰਿਨਿਟੀ ਚਰਚ ਵਿਖੇ ਡਾਇਸਸ ਆਫ਼ ਜਲੰਧਰ ਦੇ ਨਵੇਂ ਬਿਸ਼ਪ ਡਾ. ਜੋਸ ਸਬੈਸਟੀਅਨ ਦੇ ਸਵਾਗਤ ਵਿੱਚ ਹੋਏ ਧਾਰਮਿਕ ਸਮਾਗਮ ਵਿੱਚ ਸ਼ਿਰਕਤ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਸੱਭਿਅਕ ਸਮਾਜ ਦੇ ਨਿਰਮਾਣ ਵਿੱਚ ਸਿੱਖਿਆ ਦਾ ਸਭ ਤੋਂ ਅਹਿਮ ਰੋਲ ਹੁੰਦਾ ਹੈ। ਸਮਾਜ ਜਿੰਨਾ ਪੜ੍ਹਿਆ-ਲਿਖਿਆ ਹੋਵੇਗਾ, ਓਨਾ ਹੀ ਸੱਭਿਅਕ ਹੋਵੇਗਾ। ਉਨ੍ਹਾਂ ਕਿਹਾ ਕਿ ਇਸਾਈ ਭਾਈਚਾਰੇ ਵੱਲੋਂ ਆਪਣੇ ਸਕੂਲਾਂ ਰਾਹੀਂ ਸਿੱਖਿਆ ਦੇ ਖੇਤਰ ਵਿੱਚ ਸ਼ਲਾਘਾਯੋਗ ਭੂਮਿਕਾ ਨਿਭਾਈ ਜਾ ਰਹੀ ਹੈ। ਇਸ ਦੇ ਨਾਲ ਹੀ ਸਿਹਤ ਸੇਵਾਵਾਂ ਦੇ ਪ੍ਰਸਾਰ ਵਿੱਚ ਵੀ ਵੱਡਮੁੱਲਾ ਯੋਗਦਾਨ ਪਾਇਆ ਹੈ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਸੈਰ ਸਪਾਟਾ ਤੇ ਸੱਭਿਆਚਾਰਕ



ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ, ਜਲੰਧਰ ਇੰਪਰੂਵਮੈਂਟ ਟਰੱਸਟ ਦੀ ਚੇਅਰਪਰਸਨ ਰਾਜਵਿੰਦਰ ਕੌਰ ਥਿਆੜਾ, ਡਾਇਰੈਕਟਰ ਪੀ.ਆਰ.ਟੀ.ਸੀ. ਰਜਿੰਦਰ ਸਿੰਘ ਰਿਹਾਲ ਅਤੇ ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਵੀ ਮੌਜੂਦ ਸਨ। ਸ਼ ?ਰੀ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵੀ ਮਨੁੱਖਤਾ ਦੀ ਸੇਵਾ ਦੇ ਸਿਧਾਂਤ 'ਤੇ ਚੱਲਦਿਆਂ ਸੂਬੇ ਦੇ ਲੋਕਾਂ ਨੂੰ ਬਿਹਤਰ ਸਿੱਖਿਆ ਅਤੇ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇਨਾ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨ੍ਹਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ।ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾਂ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ।

*Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of, Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com*

# ਰੁਜ਼ਗਾਰ ਅਤੇ ਖਰਚ ਦੇ ਦਾਇਰੇ ਬਾਰੇ ਚਿੰਤਾਵਾਂ

ਵਿਜੈ ਗਰਗ

ਵਿੱਤੀ ਮਾਮਲਿਆਂ ਵਿੱਚ ਮਨਰੇਗਾ ਨੂੰ ਦੇਸ਼ ਦੀਆਂ ਹੋਰ ਸਾਰੀਆਂ ਯੋਜਨਾਵਾਂ ਤੋਂ ਬਿਲਕੁਲ ਵੱਖਰਾ ਮੰਨਿਆ ਜਾਂਦਾ ਹੈ। ਇਹ ਯੋਜਨਾ ਸ਼ੁਰੂ ਵਿੱਚ ਨਰੇਗਾ ਦੇ ਨਾਮ ਹੇਠ ਚਲਾਈ ਜਾਂਦੀ ਸੀ, ਜਿਸਨੂੰ 2 ਅਕਤੂਬਰ 2009 ਨੂੰ ਮਨਰੇਗਾ ਵਿੱਚ ਬਦਲ ਦਿੱਤਾ ਗਿਆ ਸੀ। ਇਹ ਯੋਜਨਾ ਪਿਛਲੇ ਕੁਝ ਦਿਨਾਂ ਤੋਂ ਖ਼ਬਰਾਂ ਵਿੱਚ ਹੈ, ਜਿਸਦਾ ਕਾਰਨ ਕੇਂਦਰੀ ਵਿੱਤ ਮੰਤਰਾਲੇ ਦੁਆਰਾ ਕੀਤੀ ਗਈ ਨੀਤੀਗਤ ਤਬਦੀਲੀ ਹੈ। ਇਸ ਕਾਰਨ, ਮਨਰੇਗਾ ਹੁਣ ਹੋਰ ਯੋਜਨਾਵਾਂ ਵਾਂਗ ਵਿੱਤੀ ਖਰਚ ਸੀਮਾ ਦੇ ਦਾਇਰੇ ਵਿੱਚ ਆ ਗਿਆ ਹੈ। ਮਨਰੇਗਾ ਦਾ ਅਰਥ ਹੈ 'ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ'। ਇਹ ਦੁਨੀਆ ਦੀ ਸਭ ਤੋਂ ਵੱਡੀ ਰੁਜ਼ਗਾਰ ਗਰੰਟੀ ਯੋਜਨਾ ਹੈ। ਇਸਨੂੰ ਮੰਗ ਅਧਾਰਤ ਯੋਜਨਾ ਕਿਹਾ ਜਾਂਦਾ ਹੈ। ਮੰਗ ਦਾ ਅਰਥ ਹੈ ਹਰ ਪੇਂਡੂ ਪਰਿਵਾਰ ਜਿਸ ਦੇ ਬਾਲਗ ਮੈਂਬਰ ਸਵੈ-ਇੱਛਾ ਨਾਲ ਗੈਰ-ਹੁਨਰਮੰਦ ਸਰੀਰਕ ਕੰਮ ਕਰਨ ਲਈ ਤਿਆਰ ਹਨ, ਇੱਕ ਵਿੱਤੀ ਸਾਲ ਵਿੱਚ ਘੱਟੋ-ਘੱਟ ਸੌ ਦਿਨਾਂ ਲਈ ਰੁਜ਼ਗਾਰ ਦੀ ਮੰਗ ਕਰਕੇ ਕੰਮ ਪ੍ਰਾਪਤ ਕਰ ਸਕਦੇ ਹਨ। ਮੰਗ ਦਾ ਸਿੱਧਾ ਅਰਥ ਹੈ ਕਿ ਲੋੜ ਪੈਣ 'ਤੇ ਰੁਜ਼ਗਾਰ ਦਿੱਤਾ ਜਾਵੇਗਾ ਅਤੇ ਇਸਦਾ ਭੁਗਤਾਨ ਕੀਤਾ ਜਾਵੇਗਾ। ਜੇਕਰ ਮੰਗ ਕਰਨ ਦੇ ਪੰਦਰਾਂ ਦਿਨਾਂ ਦੇ ਅੰਦਰ ਰੁਜ਼ਗਾਰ ਉਪਲਬਧ ਨਹੀਂ ਹੁੰਦਾ ਹੈ, ਤਾਂ ਮੰਗ ਕਰਨ ਵਾਲਾ ਰਾਜ ਸਰਕਾਰਾਂ ਤੋਂ ਬੇਰੁਜ਼ਗਾਰੀ ਭੱਤਾ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ। ਬੇਰੁਜ਼ਗਾਰੀ ਭੱਤਾ ਸ਼ੁਰੂਆਤੀ ਤੀਹ ਦਿਨਾਂ ਲਈ ਘੱਟੋ-ਘੱਟ ਉਜਰਤ ਦਾ ਇੱਕ ਚੌਥਾਈ ਅਤੇ ਬਾਅਦ ਦੀ ਮਿਆਦ ਲਈ ਘੱਟੋ-ਘੱਟ ਉਜਰਤ ਦਾ ਅੱਧਾ ਹੋਵੇਗਾ। ਨਿਯਮਾਂ ਅਨੁਸਾਰ, ਲਾਭਪਾਤਰੀਆਂ ਵਿੱਚੋਂ ਘੱਟੋ-ਘੱਟ ਇੱਕ ਤਿਹਾਈ ਔਰਤਾਂ ਹੋਣੀਆਂ ਚਾਹੀਦੀਆਂ ਹਨ, ਜਿਸ ਨਾਲ ਕੰਮ ਵਿੱਚ ਅੱਧੀ ਆਬਾਦੀ ਨੂੰ ਤਰਜੀਹ ਦਿੱਤੀ ਜਾਵੇਗੀ। ਪੰਜ ਕਿਲੋਮੀਟਰ ਦੇ ਘੇਰੇ ਵਿੱਚ ਰੁਜ਼ਗਾਰ ਪ੍ਰਦਾਨ ਕੀਤਾ ਜਾਵੇਗਾ। ਜੇਕਰ ਇਹ ਪੰਜ ਕਿਲੋਮੀਟਰ ਤੋਂ ਵੱਧ ਹੈ, ਤਾਂ ਵਾਧੂ ਉਜਰਤ ਦਿੱਤੀ ਜਾਵੇਗੀ। ਜੇਕਰ ਕਾਮੇ ਕੰਮ ਵਾਲੀ ਥਾਂ 'ਤੇ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ ਤਾਂ ਮੁਆਵਜ਼ੇ ਦਾ ਵੀ ਪ੍ਰਬੰਧ ਹੈ। ਇਸ ਤੋਂ ਇਲਾਵਾ, ਕੰਮ ਵਾਲੀ ਥਾਂ 'ਤੇ ਮੌਤ ਜਾਂ ਸਥਾਈ ਅਪੰਗਤਾ ਦੀ ਸਥਿਤੀ ਵਿੱਚ ਐਕਸ-ਗ੍ਰੇਸ਼ੀਆ ਰਕਮ ਵੀ ਪ੍ਰਦਾਨ ਕੀਤੀ ਜਾਂਦੀ ਹੈ। ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਵਾਲਾ ਮਨਰੇਗਾ ਸਰਕਾਰ ਲਈ ਲੋੜਵੰਦਾਂ ਨੂੰ ਰੁਜ਼ਗਾਰ ਪ੍ਰਦਾਨ ਕਰਨਾ ਨੈਤਿਕ ਤੌਰ 'ਤੇ ਲਾਜ਼ਮੀ ਬਣਾਉਂਦਾ ਹੈ, ਜੋ ਵਿੱਤੀ ਦਾਇਰੇ ਤੋਂ ਵੱਧ ਹੋ ਸਕਦਾ ਹੈ, ਇਸ ਲਈ ਇਹ ਇੱਕ ਕਾਨੂੰਨ ਦੇ ਨਾਲ-ਨਾਲ ਇੱਕ ਯੋਜਨਾ ਹੈ।



ਪਰ ਹੁਣ ਕੇਂਦਰੀ ਵਿੱਤ ਮੰਤਰਾਲੇ ਨੇ ਇਸ ਯੋਜਨਾ ਨੂੰ ਮਾਸਿਕ ਜਾਂ ਤਿਮਾਹੀ ($1♦/♠6♦) ਖਰਚਿਆਂ ਨਾਲ ਜੋੜਨ ਲਈ ਕਦਮ ਚੁੱਕੇ ਹਨ। ਕੇਂਦਰ ਸਰਕਾਰ ਵੱਲੋਂ ਸਾਲ 2017 ਵਿੱਚ ਮਾਸਿਕ ਜਾਂ ਤਿਮਾਹੀ ਖਰਚ ਸ਼ੁਰੂ ਕੀਤਾ ਗਿਆ ਸੀ, ਜਿਸਦਾ ਉਦੇਸ਼ ਸਰਕਾਰੀ ਵਿਭਾਗਾਂ ਦੇ ਖਰਚਿਆਂ 'ਤੇ ਸਖ਼ਤ ਨਜ਼ਰ ਰੱਖਣਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਖਰਚ ਬਜਟ ਦੇ ਪ੍ਰਬੰਧਾਂ ਅਨੁਸਾਰ ਕੀਤਾ ਜਾਵੇ। ਮਨਰੇਗਾ ਨੂੰ ਮਾਸਿਕ ਜਾਂ ਤਿਮਾਹੀ ਖਰਚਿਆਂ ਅਧੀਨ ਚਲਾਉਣ ਲਈ, ਪਹਿਲੀ ਵਾਰ ਵਿੱਤੀ ਸਾਲ 2025-2026 ਦੇ ਪਹਿਲੇ ਅੱਧ ਵਿੱਚ, 6,000 ਕਰੋੜ ਰੁਪਏ ਦੇ ਕੁੱਲ ਸਾਲਾਨਾ ਬਜਟ ਅਲਾਟਮੈਂਟ ਦੇ ਮੁਕਾਬਲੇ ਸੱਠ ਪ੍ਰਤੀਸ਼ਤ ਯਾਨੀ 51,600 ਕਰੋੜ ਰੁਪਏ ਦੀ ਵੱਧ ਤੋਂ ਵੱਧ ਖਰਚ ਸੀਮਾ ਨਿਰਧਾਰਤ ਕੀਤੀ ਗਈ ਹੈ। 8 ਜੂਨ, 2025 ਤੱਕ, ਇਸ ਯੋਜਨਾ ਦੇ ਕੁੱਲ ਬਜਟ ਦਾ ਸਿਰਫ 28.47 ਪ੍ਰਤੀਸ਼ਤ ਖਰਚ ਕੀਤਾ ਜਾ ਸਕਿਆ, ਜਦੋਂ ਕਿ ਵਿੱਤੀ ਸਾਲ 2024-2025 ਦੀ ਬਕਾਇਆ ਅਦਾਇਗੀ 21,000 ਕਰੋੜ ਰੁਪਏ ਹੈ। ਮਾਸਿਕ ਜਾਂ ਤਿਮਾਹੀ ਖਰਚ ਸੀਮਾ ਲਾਗੂ ਕਰਨ ਤੋਂ ਪਹਿਲਾਂ, ਪੇਂਡੂ ਵਿਕਾਸ ਮੰਤਰਾਲੇ ਨੇ ਸ਼ੁਰੂ ਵਿੱਚ ਹੋਰ ਖਰਚ ਦੀ ਮੰਗ ਕੀਤੀ ਸੀ ਅਤੇ ਇਸ ਨਵੀਂ ਪ੍ਰਣਾਲੀ ਦਾ ਵਿਰੋਧ ਕੀਤਾ ਸੀ, ਪਰ ਵਿੱਤ ਮੰਤਰਾਲੇ ਨੇ ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਦੀ ਮੰਗ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ, ਨਕਦੀ ਪ੍ਰਵਾਹ ਦੇ ਬਿਹਤਰ ਪ੍ਰਬੰਧਨ ਅਤੇ ਬੇਲੋੜੇ ਉਧਾਰ ਲੈਣ ਤੋਂ ਬਚਣ ਦੀ ਦਲੀਲ ਦਿੱਤੀ। ਦੇਰੀ ਨਾਲ ਭੁਗਤਾਨਾਂ ਦੇ ਸੰਬੰਧ ਵਿੱਚ, ਇਹ ਧਿਆਨ ਦੇਣ ਯੋਗ ਹੈ ਕਿ ਮਨਰੇਗਾ ਐਕਟ ਪੰਦਰਾਂ ਦਿਨਾਂ ਦੇ ਅੰਦਰ ਮਜ਼ਦੂਰੀ ਦੀ ਅਦਾਇਗੀ ਦੀ ਵਿਵਸਥਾ ਕਰਦਾ ਹੈ। ਐਕਟ ਦੀ ਧਾਰਾ 3(3) ਸਪੱਸ਼ਟ ਤੌਰ 'ਤੇ ਕਹਿੰਦੀ ਹੈ ਕਿ ਰੋਜ਼ਾਨਾ ਮਜ਼ਦੂਰੀ ਕਿਸੇ ਵੀ ਹਾਲਤ ਵਿੱਚ ਉਸ ਮਿਤੀ ਤੋਂ ਇੱਕ ਪੰਦਰਵਾੜੇ ਤੋਂ ਬਾਅਦ ਵੰਡੀ ਨਹੀਂ ਜਾ ਸਕਦੀ, ਪਰ ਉਪਬੰਧਾਂ ਦੇ ਉਲਟ, ਬਹੁਤ ਸਾਰੇ ਰਾਜਾਂ ਵਿੱਚ, ਮਨਰੇਗਾ ਮਜ਼ਦੂਰੀ ਮਹੀਨਿਆਂ ਤੋਂ ਦੇਰੀ ਨਾਲ ਦਿੱਤੀ ਜਾਂਦੀ ਹੈ। ਇਸ ਯੋਜਨਾ ਤਹਿਤ ਭੁਗਤਾਨਾਂ ਸਮੇਤ ਹੋਰ ਦੇਣਦਾਰੀਆਂ ਲੰਬਿਤ ਹਨ। ਇਨ੍ਹਾਂ ਸਾਰੇ ਕਾਰਨਾਂ ਕਰਕੇ, ਪਿਛਲੇ ਵਿੱਤੀ ਸਾਲ 2024-2025 ਲਈ ਲਗਭਗ 21,000 ਕਰੋੜ ਰੁਪਏ ਦੀ ਅਦਾਇਗੀ ਲੰਬਿਤ ਹੈ। ਇਹ ਧਿਆਨ ਦੇਣ ਯੋਗ ਹੈ ਕਿ ਜਦੋਂ 2006 ਵਿੱਚ ਮਨਰੇਗਾ ਸ਼ੁਰੂ ਕੀਤਾ ਗਿਆ ਸੀ, ਤਾਂ ਇਸਨੂੰ ਪਹਿਲੇ ਪੜਾਅ ਵਿੱਚ ਦੇਸ਼ ਦੇ ਸਿਰਫ਼ 200 ਜ਼ਿਲ੍ਹਿਆਂ ਵਿੱਚ ਲਾਗੂ ਕੀਤਾ ਗਿਆ ਸੀ। ਬਾਅਦ ਵਿੱਚ, ਵਿੱਤੀ ਸਾਲ 2008-2009 ਵਿੱਚ, ਇਸਦੀ ਸਫਲਤਾ ਨੂੰ ਦੇਖਦੇ ਹੋਏ, ਇਸਨੂੰ 100 ਪ੍ਰਤੀਸ਼ਤ ਸ਼ਹਿਰੀ ਖੇਤਰਾਂ ਨੂੰ ਛੱਡ ਕੇ ਪੂਰੇ ਦੇਸ਼ ਵਿੱਚ ਲਾਗੂ ਕੀਤਾ ਗਿਆ ਸੀ। ਇਸ ਯੋਜਨਾ ਦਾ ਮੁੱਖ ਉਦੇਸ਼ ਪੇਂਡੂ ਖੇਤਰਾਂ ਤੋਂ ਪ੍ਰਵਾਸ ਨੂੰ ਘਟਾਉਣਾ, ਗੈਰ-ਹੁਨਰਮੰਦ ਕਾਮਿਆਂ ਦੇ ਰੁਜ਼ਗਾਰ ਨੂੰ ਯਕੀਨੀ ਬਣਾਉਣਾ, ਪੇਂਡੂ ਖਰੀਦ ਸ਼ਕਤੀ ਨੂੰ ਉਤਸ਼ਾਹਿਤ ਕਰਨਾ, ਪਿੰਡਾਂ ਵਿੱਚ ਗਰੀਬੀ ਅਤੇ ਅਮੀਰੀ ਵਿੱਚ ਅੰਤਰ ਨੂੰ ਘਟਾਉਣਾ, ਪਿੰਡਾਂ ਵਿੱਚ ਅਸਥਾਈ ਅਤੇ ਸਥਾਈ ਜਾਇਦਾਦ ਬਣਾਉਣਾ ਹੈ। ਮਨਰੇਗਾ ਇਨ੍ਹਾਂ ਵਿੱਤੀ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਕਾਫ਼ੀ ਹੱਦ ਤੱਕ ਸਫਲ ਰਿਹਾ ਹੈ, ਨਤੀਜੇ ਵਜੋਂ, ਸਾਲ 2020-2021 ਵਿੱਚ ਕੋਰੋਨਾ ਸਮੇਂ ਦੌਰਾਨ, ਜਦੋਂ ਸ਼ਹਿਰਾਂ ਦੀ ਬਜਾਏ ਪਿੰਡਾਂ ਵੱਲ ਪਰਵਾਸ ਸ਼ੁਰੂ ਹੋਇਆ, ਮਨਰੇਗਾ ਗੈਰ-ਹੁਨਰਮੰਦ ਕਾਮਿਆਂ ਲਈ ਇੱਕ ਮੁਕਤੀਦਾਤਾ ਵਜੋਂ ਖੜ੍ਹਾ ਸੀ। ਉਸ ਸਮੇਂ, ਇਸ ਯੋਜਨਾ ਤੋਂ ਰਿਕਾਰਡ 7.55 ਕਰੋੜ ਪਰਿਵਾਰਾਂ ਨੂੰ ਲਾਭ ਹੋਇਆ, ਜਦੋਂ ਕਿ ਵਿੱਤੀ ਸਾਲ 2024-2025 ਵਿੱਚ, ਸਿਰਫ 5.79 ਕਰੋੜ ਪਰਿਵਾਰਾਂ ਨੂੰ ਹੀ ਇਸਦਾ ਲਾਭ ਮਿਲਿਆ। ਹੈਰਾਨੀ ਦੀ ਗੱਲ ਹੈ ਕਿ ਢੁਕਵਾਂ ਬਜਟ ਅਤੇ ਸਮੇਂ ਸਿਰ ਭੁਗਤਾਨ ਦਾ ਪ੍ਰਬੰਧ ਹੋਣ ਦੇ ਬਾਵਜੂਦ, ਇਹ ਯੋਜਨਾ ਪੂਰੇ ਦੇਸ਼ ਵਿੱਚ ਦਹਾਕਿਆਂ ਤੋਂ ਚੱਲ ਰਹੀ ਹੈ, ਫਿਰ ਵੀ 21,000 ਕਰੋੜ ਰੁਪਏ ਦੀਆਂ ਦੇਣਦਾਰੀਆਂ ਕਿਵੇਂ ਫਸ ਗਈਆਂ? ਵਿੱਤ ਮੰਤਰਾਲੇ ਦਾ ਤਰਕ ਹੈ ਕਿ ਇਨ੍ਹਾਂ ਸਾਰੀਆਂ ਅੰਤਰਾਂ ਨੂੰ ਦੂਰ ਕਰਨ ਲਈ, ਹੁਣ ਸਾਰੀਆਂ ਯੋਜਨਾਵਾਂ ਵਾਂਗ, ਮਨਰੇਗਾ ਨੂੰ ਵੀ ਮਾਸਿਕ ਜਾਂ ਤਿਮਾਹੀ ਖਰਚ ਦੇ ਦਾਇਰੇ ਵਿੱਚ ਸ਼ਾਮਲ ਕੀਤਾ ਗਿਆ ਹੈ। ਵਿੱਤ ਮੰਤਰਾਲੇ ਦਾ ਮੰਨਣਾ ਹੈ ਕਿ ਇਸ ਕਦਮ ਨਾਲ ਰਾਜਾਂ 'ਤੇ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਭੁਗਤਾਨ ਕਰਨ ਲਈ ਦਬਾਅ ਪਵੇਗਾ ਅਤੇ ਦੇਣਦਾਰੀਆਂ ਘੱਟ ਜਾਣਗੀਆਂ, ਪਰ ਪੰਚਾਇਤੀ ਪ੍ਰਤੀਨਿਧੀਆਂ ਅਤੇ ਨੀਤੀ ਮਾਹਿਰਾਂ ਵਿੱਚ ਬਹਿਸ ਦਾ ਵਿਸ਼ਾ ਇਹ ਹੈ ਕਿ ਜਦੋਂ ਮਨਰੇਗਾ ਇੱਕ ਮੰਗ ਅਧਾਰਤ ਯੋਜਨਾ ਹੈ, ਤਾਂ ਜਦੋਂ ਹੋਰ ਕੰਮ ਦੀ ਮੰਗ ਹੁੰਦੀ ਹੈ ਤਾਂ ਨਿਸ਼ਚਿਤ ਬਜਟ ਵਿੱਤੀ ਤੌਰ 'ਤੇ ਕਿਵੇਂ ਮੁਆਵਜ਼ਾ ਦੇ ਸਕੇਗਾ। ਸ਼ਾਇਦ ਇਹ ਪਹਿਲੀ ਅਜਿਹੀ ਯੋਜਨਾ ਹੈ, ਜੋ ਲੋਕ-ਕੇਂਦ੍ਰਿਤ ਅਤੇ ਹੇਠਾਂ ਤੋਂ ਉੱਪਰ ਹੈ।



